੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 101
ਨੰਬਰ 11

੧ ਤੋਂ ੧੬ ਸਾਵਣ ੨੦੭੮ ਬਿ.
15 to 31 July 2021


ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ



ਮੇਰੇ ਦੁੱਖ ਸੁਖ ਵੀ ਸਮਝਦੀ ਹੈ ਕਿਤਾਬ।
ਮੈਨੂੰ ਅੱਖਰਾਂ ’ਚੋਂ ਦੇਖਦੀ ਹੈ ਕਿਤਾਬ।
ਟੁੱਟੇ ਤਾਰਾ ਜਾਂ ਫੁੱਲ ਜਾਂ ਹੰਝੂ ਕਿਰੇ
ਆਪਣੇ ਲਫ਼ਜ਼ਾਂ ’ਚ ਸਾਂਭਦੀ ਹੈ ਕਿਤਾਬ।
ਜਿਹੜਾ ਲਫ਼ਜ਼ਾਂ ਦੇ ਸਾਹ ਵੀ ਸੁਣ ਸਕਦਾ,
ਐਸੇ ਪਾਠਕ ਨੂੰ ਤਰਸਦੀ ਹੈ ਕਿਤਾਬ।

–ਸੁਰਜੀਤ ਪਾਤਰ

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਹਾਕੀ ਦੀ ਐਸਟ੍ਰੋਟਰਫ ਦਾ ਉਦਘਾਟਨ

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਰਾਜਨੀਤਿਕ ਸਲਾਹਕਾਰ ਮੇਜਰ ਅਮਰਦੀਪ ਸਿੰਘ, ਹਰਦੀਪ ਸਿੰਘ ਓਲੰਪੀਅਨ, ਦਮਨਜੀਤ ਸਿੰਘ ਮੋਹੀ (O.S.D. ਮੁੱਖ ਮੰਤਰੀ ਪੰਜਾਬ), ਦੀਪਿੰਦਰ ਚਾਹਲ (ਐਟਲੇ), ਗੁਰਚਰਨ ਸਿੰਘ ਗੋਲ੍ਹੀ, ਸ਼ੇਰ ਸਿੰਘ, ਗੁਰਮੁੱਖ ਸਿੰਘ ਵਿੰਕਲ (ਬੈਡਮਿੰਟਨ ਕੋਚ), ਆਦਿ ਸ਼ਾਮਿਲ ਸਨ।










# ਸਤਿਜੁਗ

੧ ਤੋਂ ੧੬ ਸਾਵਣ ੨੦੭੮ ਬਿ.

16 ਤੋਂ 31 ਜੁਲਾਈ 2021 ਈ.

ਜਿਲਦ 101, ਨੰਬਰ 11



<u>ਸਲਾਹਕਾਰ ਮੈਂਬਰ</u>

ਸ. ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

<u>ਸੰਪਾਦਕ</u>

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਬੱਲ



**<u>ਪੱਤਰ ਵਿਹਾਰ ਦਾ ਪਤਾ :</u>**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 89267-83000
98155-75099, 98550-58178
***Email- Satjug@sribhainisahib.com***


# ਤਤਕਰਾ


* ਸੰਪਾਦਕੀ – ਕਿਤਾਬੇਂ ਕਰਤੀ ਹੈਂ ਬਾਤੇਂ
  ਭਜਨ ਸਿੰਘ........................................4
* ਗੁਰਬਾਣੀ ਵਿਆਖਿਆ....................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................8
* 'ਸਤਿਜੁਗ' : ਸੁਤੰਤਰਤਾ ਸੰਗਰਾਮ ਦਾ ਮੁਹਰੈਲੀ ਬੁਲਾਰਾ
  ਡਾ. ਗੁਰਦੇਵ ਸਿੰਘ ਸਿੱਧੂ............................10
* ਮਲੇਰਕੋਟਲੇ ਦੇ ਸ਼ਹੀਦਾਂ ਬਾਰੇ ਦੁਬਿਧਾ- ਕਿਉਂ?
  ਸੁਵਰਨ ਸਿੰਘ ਵਿਰਕ...............................13
* ਲੋਕ ਕਾਵਿ ਵਿੱਚ ਨਾਮਧਾਰੀ ਲਹਿਰ ਦਾ ਬਿੰਬ
  ਡਾ. ਸਰਬਜੀਤ ਸਿੰਘ..............................17
* ਓਅੰਕਾਰ
  ਮੁਹਿੰਦਰ ਸਿੰਘ ਕੂਕਾ...............................25
* ਫਲਾਈਂਗ ਸਿੱਖ ਮਿਲਖਾ ਸਿੰਘ ਦੀ ਦੌੜ
  ਪ੍ਰਿੰ. ਸਰਵਣ ਸਿੰਘ.................................28
* **Remembering S. Milkha Singh**
  **Harkirat Singh..............................30**
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................32
* **A Saga of Sri Satguru Jagjit Singh ji**
  **Dr. Sharada Jayagovind .........................35**
* ਕਾਵਿ-ਕਿਆਰੀ...........................................37
* ਸੁੱਚੇ ਮੋਤੀ.................................................38
* ਖ਼ਬਰਨਾਮਾ................................................39


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਕਿਤਾਬੇਂ ਕਰਤੀ ਹੈਂ ਬਾਤੇਂ

ਪਹਿਲਾਂ ਜਾਣਕਾਰੀ ਦੇ ਸਾਧਨ ਅਖ਼ਬਾਰਾਂ, ਰਸਾਲੇ ਅਤੇ ਕਿਤਾਬਾਂ ਹੁੰਦੀਆਂ ਸਨ। ਜੋ ਸਮਕਾਲੀ ਮੁੱਦਿਆਂ, ਸੰਸਾਰ ਦੇ ਹਾਲਾਤਾਂ, ਵਾਪਰਦੀਆਂ ਘਟਨਾਵਾਂ, ਹਾਦਸਿਆਂ ਦੀ ਜਾਣਕਾਰੀ ਆਦਿ ਦੇਂਦੀਆਂ ਸਨ। ਫਿਰ ਵਿਗਿਆਨ ਦੀ ਤਰੱਕੀ ਨੇ ਰੇਡੀਓ ਇਜ਼ਾਦ ਕੀਤਾ, ਉਸ ਦੀ ਮਦਦ ਨਾਲ ਲੋਕ ਪੜ੍ਹਨ ਦੀ ਬਜਾਏ, ਸੁਣਨ ਦੇ ਆਦੀ ਹੋ ਗਏ। ਵੱਖ-ਵੱਖ ਪ੍ਰੋਗਰਾਮ ਹੁੰਦੇ। ਨਾਮੀ ਸੰਗੀਤਕਾਰਾਂ ਦੇ ਗੌਣ ਸੁਣੇ ਜਾਣ ਲੱਗੇ। ਤਕਨਾਲੋਜੀ ਨੇ ਇੱਕ ਹੋਰ ਪੈਰ ਅਗਾਂਹ ਪੁੱਟਿਆ ਤਾਂ ਟੀ.ਵੀ. ਆ ਗਿਆ, ਜਿਸ ਨੇ ਆਡੀਓ ਦੇ ਨਾਲ-ਨਾਲ ਵੀਡੀਓ ਵੀ ਮੁਹੱਈਆ ਕਰਵਾ ਦਿੱਤੀ। ਹੁਣ ਮਨੁੱਖ ਦੀ ਜਾਣਕਾਰੀ ਦੇ ਸਾਧਨਾਂ ਵਿੱਚ ਵੀ ਇਜ਼ਾਫਾ ਹੋਇਆ ਅਤੇ ਮਨੋਰੰਜਨ ਦੇ ਸਾਧਨਾਂ ਵਿੱਚ ਵੀ। ਪਰ ਫਿਰ ਵੀ ਰੇਡੀਓ ਤੇ ਟੀ.ਵੀ. ਦੀਆਂ ਕੁਝ ਸੀਮਾਵਾਂ ਸਨ। ਇਨ੍ਹਾਂ ਤੋਂ ਪਾਰ ਦੀ ਪੁਲਾਂਘ ਇੰਟਰਨੈਟ/ਮੋਬਾਈਲ ਨੇ ਪੁੱਟੀ। ਇਹ ਅਜੋਕਾ ਸਮਾਂ ਹੈ, ਜਦੋਂ ਹਰ ਤਰ੍ਹਾਂ ਦੇ ਵਿਸ਼ੇ ਦੀ ਜਾਣਕਾਰੀ ਸੌਖੀ ਅਤੇ ਛੇਤੀ ਹਾਸਲ ਹੋਣ ਲੱਗ ਪਈ ਹੈ। ਇਸ ਯੁੱਗ ਨੇ ਮਨੁੱਖ ਦੀ ਜੀਵਨ-ਸ਼ੈਲੀ ਵਿੱਚ ਰਫ਼ਤਾਰ ਲਿਆਂਦੀ ਹੈ। ਇਸ ਵਕਤ ਜਾਣਕਾਰੀ ਦਾ ਵੱਡਾ ਸਰੋਤ ਇੰਟਰਨੈਟ ਹੈ। ਕਲਿੱਕ ਕਰਦਿਆਂ ਹੀ ਸਾਰੀ ਜਾਣਕਾਰੀ ਸਾਹਮਣੇ ਪ੍ਰਸਤੁਤ ਹੋ ਜਾਂਦੀ ਹੈ। ਅੱਜ ਦਾ ਮਨੁੱਖ ਬਹੁਤ ਹੱਦ ਤੱਕ ਇੰਟਰਨੈਟ/ਮੋਬਾਇਲ 'ਤੇ ਨਿਰਭਰ ਹੋ ਗਿਆ ਹੈ। ਜਾਣਕਾਰੀ ਦੇ ਸਰੋਤ, ਖ਼ਬਰਾਂ, ਕੰਮ-ਕਾਰ, ਮਨੋਰੰਜਨ ਦੇ ਸਾਧਨ ਆਦਿ ਸਾਰੇ ਇੰਟਰਨੈਟ/ਮੋਬਾਇਲ 'ਤੇ ਉਪਲਬਦ ਹਨ।

ਇਸ ਤੇਜ਼ ਰਫ਼ਤਾਰ ਵਾਲੇ ਜ਼ਮਾਨੇ ਵਿੱਚ ਅਖ਼ਬਾਰਾਂ ਤੇ ਫਿਰ ਵੀ ਪੜ੍ਹੀਆਂ ਜਾ ਰਹੀਆਂ ਹਨ ਪਰ ਕਿਤਾਬਾਂ ਤੋਂ ਕਾਫ਼ੀ ਕਿਨਾਰਾ ਹੋ ਗਿਆ ਹੈ। ਭਾਵੇਂ ਪਹਿਲੇ ਸਮੇਂ ਦੇ ਮੁਕਾਬਲੇ ਪੜ੍ਹਿਆਂ ਦੀ ਗਿਣਤੀ ਕਾਫ਼ੀ ਵਧੀ ਹੈ। ਪਰ ਉਹ ਸਾਰੇ ਪਾੜ੍ਹੇ ਵੀ ਆਪਣੀਆਂ ਪੜ੍ਹਾਈ ਵਾਲੀਆਂ ਕਿਤਾਬਾਂ ਤੱਕ ਹੀ ਸੀਮਤ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀ ਆਪਣੇ ਸਿਲੇਬਸ ਦੀਆਂ ਕਿਤਾਬਾਂ ਹੀ ਪੜ੍ਹਦੇ ਹਨ। ਉਹ ਕਿਤਾਬਾਂ ਸਾਨੂੰ ਸਿਰਫ਼ ਇਮਤਿਹਾਨਾਂ 'ਚੋਂ ਪਾਸ ਕਰਵਾਉਂਦੀਆਂ ਹਨ। ਸਾਡਾ ਸਿੱਖਿਆ ਤੰਤਰੀ ਢਾਂਚਾ ਵੀ ਸਾਨੂੰ ਸਿਲੇਬਸ ਤੇ ਨੰਬਰਾਂ ਦੀ ਦੌੜ ਵਿੱਚ ਹੀ ਰੱਖਦਾ ਹੈ। ਵਿਹਾਰਕ ਜ਼ਿੰਦਗੀ ਨਾਲ ਜੁੜੀ ਪੜ੍ਹਾਈ ਨਹੀਂ ਕਰਵਾਈ ਜਾਂਦੀ। ਪਰ ਜੇ ਅਸੀਂ ਸਿਲੇਬਸ ਤੋਂ ਬਾਹਰੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰਾਂਗੇ ਤਾਂ ਉਨ੍ਹਾਂ ਦੇ ਵਿਸ਼ੇ ਅਸੀਂ ਉਹ ਚੁਣਾਂਗੇ, ਜੋ ਸਾਡੇ ਮਨਪਸੰਦ ਹੋਣਗੇ। ਅਸੀਂ ਆਪਣੇ ਮਨਪਸੰਦ ਵਿਸ਼ਿਆਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰਨ ਵਾਲੇ ਪਾਸੇ ਤੁਰ ਪਵਾਂਗੇ। ਜਿਸ ਦਾ ਸੰਬੰਧ ਕਿਤੇ ਜਾ ਕੇ ਸਾਡੀ ਜ਼ਿੰਦਗੀ ਤੇ ਸਾਡੇ ਸਮਕਾਲ ਨਾਲ ਹੋਵੇਗਾ। ਇੰਜ ਕਿਤਾਬਾਂ ਸਾਨੂੰ ਆਪਣੇ ਬਾਰੇ ਤੇ ਆਪਣੇ ਸਮਾਜ ਬਾਰੇ ਅਧਿਐਨ ਤੇ ਰਾਹ ਦੀਆਂ ਬਾਤਾਂ ਦੱਸਣਗੀਆਂ।

ਇੱਕੀਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਕਿਤਾਬਾਂ ਦੀ ਬਾਤ ਪਾਉਣੀ ਹੈ ਤਾਂ ਵੱਖਰੀ ਜਿਹੀ। ਜਦੋਂ ਕਿ ਸਾਰੀ ਜਾਣਕਾਰੀ ਮੋਬਾਈਲ ਜਾਂ ਕੰਪਿਊਟਰ ਤੇ ਕਲਿੱਕ ਬਟਨ ਕੀਤਿਆਂ ਹਾਸਲ ਹੋ ਜਾਂਦੀ ਹੈ। ਕਿਤਾਬਾਂ ਖ਼ਰੀਦ ਕੇ ਪੜ੍ਹਨ ਦੀ ਬਜਾਏ ਉਹ ਕਿਤਾਬਾਂ ਇੰਟਰਨੈੱਟ ਤੋਂ download ਕਰਕੇ PDF ਰੂਪ ਵਿੱਚ ਕੰਪਿਊਟਰ ਜਾਂ ਟੈਬ ਦੀ ਸਕਰੀਨ 'ਤੇ ਵੀ ਪੜ੍ਹੀਆਂ ਜਾ ਸਕਦੀਆਂ ਹਨ। ਪਰ ਕਿਤਾਬਾਂ ਖ਼ਰੀਦਣ ਦਾ, ਉਨ੍ਹਾਂ ਨੂੰ ਸਾਂਭਣ ਦਾ, ਉਨ੍ਹਾਂ ਦੀ ਇਕੱਤਰਤਾ ਦਾ ਇੱਕ ਆਪਣਾ ਹੁਸਨ ਹੈ। ਜੋ ਅਜੋਕੇ ਕੰਪਿਊਟਰ ਯੁੱਗ ਵਿੱਚ ਖ਼ਤਮ ਹੁੰਦਾ ਜਾ ਰਿਹਾ ਹੈ। ਪ੍ਰਸਿੱਧ ਉਰਦੂ ਸ਼ਾਇਰ ਗੁਲਜ਼ਾਰ ਲਿਖਦੇ ਹਨ-

ਕਿਤਾਬੇਂ ਝਾਂਕਤੀ ਹੈਂ ਬੰਦ ਅਲਮਾਰੀ ਕੇ ਸ਼ੀਸ਼ੋਂ ਸੇ
ਬੜੀ ਹਸਰਤ ਸੇ ਤਕਤੀ ਹੈਂ
ਮਹੀਨੋਂ ਅਬ ਮੁਲਾਕਾਤੇਂ ਨਹੀਂ ਹੋਤੀ
ਜੋ ਸ਼ਾਮੇਂ ਉਨ ਕੀ ਸੁਹਬਤ ਮੇਂ ਕਟਾ ਕਰਤੀ ਥੀਂ
ਅਬ ਅਕਸਰ ਗੁਜ਼ਰ ਜਾਤੀ ਹੈਂ ਕੰਪਿਊਟਰ ਕੇ ਪਰਦੋਂ ਪਰ
ਬੜੀ ਬੇਚੈਨ ਰਹਿਤੀ ਹੈਂ ਕਿਤਾਬੇਂ

ਪੁਸਤਕਾਂ ਬਾਰੇ ਮਹਾਨ ਸੋਵੀਅਤ ਲੇਖਕ ਗੋਰਕੀ ਨੇ ਲਿਖਿਆ ਹੈ- ਜਿਉਂ-ਜਿਉਂ ਮੈਂ ਕਿਤਾਬਾਂ ਪੜ੍ਹਦਾ ਹਾਂ, ਮੈਨੂੰ ਮਹਿਸੂਸ ਹੁੰਦਾ ਹੈ ਕਿ ਇਹ ਮੈਨੂੰ ਆਪਣੇ ਦੁਆਲੇ ਦੀ ਦੁਨੀਆਂ ਦੇ ਵਧੀਕ ਨੇੜੇ ਲਿਆ ਰਹੀਆਂ ਹਨ ਤੇ ਜ਼ਿੰਦਗੀ ਮੇਰੇ ਲਈ ਵੱਧ ਉੱਜਲੀ ਤੇ ਅਹਿਮ ਹੁੰਦੀ ਜਾਂਦੀ ਹੈ। ਇਹ ਕਿਤਾਬਾਂ ਹੀ ਹਨ, ਜਿਨ੍ਹਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦਾ ਹਾਂ। ਮੈਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜਿਆਦਾ ਖੁੱਲ੍ਹ-ਦਿਲੀ ਹੁੰਦੀ ਹੈ। ਮੈਂ ਪੁਸਤਕ-ਪ੍ਰੇਮੀ ਹਾਂ, ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ ਅਤੇ ਲੇਖਕ ਇੱਕ ਜਾਦੂਗਰ।

ਕਿਤਾਬਾਂ ਵਿਚਾਰਾਂ ਦਾ ਸੰਗ੍ਰਹਿ ਹਨ। ਮਨੁੱਖ ਦੀ ਜ਼ਿੰਦਗੀ ਵਿਚਾਰਾਂ ਨਾਲ ਹੀ ਕੱਟੀ ਜਾਂਦੀ ਹੈ। ਜ਼ਿੰਦਗੀ ਦੇ ਦੁੱਖਾਂ, ਮੁਸੀਬਤਾਂ ਔਕੜਾਂ ਜਾਂ ਔਖੇ ਰਾਹਾਂ 'ਤੇ ਤੁਰਦਿਆਂ ਕੋਈ ਚੀਜ਼ ਹੈ ਸਾਡੇ ਹੌਂਸਲੇ ਨੂੰ ਬਰਕਰਾਰ ਰੱਖਣ ਜਾਂ ਸਾਡੀ ਸੋਚ ਨੂੰ ਸਾਕਾਰਾਤਮਕ ਰੱਖਣ ਵਾਲੀ ਤਾਂ ਉਹ ਵਿਚਾਰ ਹਨ। ਵਿਚਾਰ ਕਿਤੋਂ ਵੀ ਮਿਲ ਸਕਦੇ ਹਨ, ਉਨ੍ਹਾਂ ਦੇ ਕਈ ਸਰੋਤ ਹਨ। ਪਰ ਕਿਤਾਬਾਂ ਉਨ੍ਹਾਂ ਦਾ ਮੁੱਖ ਸਰੋਤ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦੇ ਹਨ- ਖ਼ਿਆਲ ਵਿੱਚ ਤਰੱਕੀ ਦਾ ਤਲਿੱਸਮ ਹੈ ਤੇ ਕਿਤਾਬਾਂ ਵਿੱਚ ਅਨੇਕਾਂ ਖ਼ਿਆਲ ਹੁੰਦੇ ਹਨ। ਕੀ ਪਤਾ ਕੋਈ ਸੁਨਹਿਰੀ ਖ਼ਿਆਲ ਸਾਡੀ ਸਾਰੀ ਤਕਦੀਰ ਨੂੰ ਸੁਨਹਿਰਾ ਕਰ ਦੇਵੇ। ਇੱਕ ਪੱਛਮੀ ਵਿਦਵਾਨ ਦਾ ਕਥਨ ਹੈ ਕਿ ਪੜ੍ਹਨ ਨਾਲ ਜਵਾਨੀ ਵਿਚ ਮਾਨਸਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ ਅਤੇ ਬੁਢਾਪੇ ਵਿੱਚ ਖ਼ੁਸ਼ੀ ਮਿਲਦੀ ਹੈ। ਸੁਖਾਵੇਂ ਅਵਸਰਾਂ ਸਮੇਂ ਖ਼ੁਸ਼ੀ ਮਿਲਦੀ ਹੈ ਤੇ ਬਿਪਤਾ ਵਿੱਚ ਆਸਰਾ ਅਤੇ ਧਰਵਾਸ। ਘਰ ਵਿੱਚ ਰਹਿ ਕੇ ਪੜ੍ਹਨਾ ਚੰਗਾ ਲੱਗਦਾ ਹੈ, ਘਰ ਤੋਂ ਬਾਹਰ ਆਨੰਦਮਈ ਸਾਬਤ ਹੁੰਦਾ ਹੈ। ਸ਼ਹਿਰ ਜਾਂ ਸ਼ਹਿਰ ਤੋਂ ਬਾਹਰ ਸਫ਼ਰ ਕਰਦੇ ਹੋਏ, ਇਹ ਆਦਤ ਇਕ ਤਰ੍ਹਾਂ ਨਾਲ ਸਾਥ ਪ੍ਰਦਾਨ ਕਰਦੀ ਹੈ।

ਇੰਟਰਨੈੱਟ ਤੋਂ ਡਾਊਨਲੋਡ ਕਰਕੇ PDF ਤੋਂ ਪੜ੍ਹਨ ਵਾਲੇ ਪਾਠਕ ਆਪਣੀ e-library 'ਚ ਤਾਂ ਕਾਫ਼ੀ ਕਿਤਾਬਾਂ ਇਕੱਠੀਆਂ ਕਰ ਲੈਂਦੇ ਹਨ, ਪਰ ਦੂਜੇ ਪਾਠਕਾਂ ਮੁਕਾਬਲੇ ਪੜ੍ਹਦੇ ਘੱਟ ਹਨ। ਚੱਲੋ ਕਿਸੇ ਵੀ ਬਹਾਨੇ ਸਹੀ ਕਿਤਾਬਾਂ ਨਾਲ ਦੋਸਤੀ ਪਾਉਣੀ ਚਾਹੀਦੀ ਹੈ। ਭਾਵੇਂ ਇੰਟਰਨੈਟ ਤੋਂ ਪੜ੍ਹੀਆਂ ਜਾਣ। ਕਿਤਾਬਾਂ ਪੜ੍ਹਨ ਵਾਲਾ ਇੱਕ ਜ਼ਿੰਦਗੀ ਵਿੱਚ ਕਈ ਜ਼ਿੰਦਗੀਆਂ ਜੀਅ ਲੈਂਦਾ ਹੈ ਕਿਉਂਕਿ ਕਿਤਾਬਾਂ ਦੇ ਰਚੈਤਿਆਂ ਨੇ ਉਨ੍ਹਾਂ ਵਿਚ ਆਪਣੇ ਤਜਰਬੇ, ਸਫ਼ਰਨਾਮੇ, ਔਕੜਾਂ, ਦੁੱਖ ਆਦਿ ਲਿਖੇ ਹੁੰਦੇ ਹਨ।

ਜੇਕਰ ਕਿਸੇ ਪਾਠਕ ਨੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰਨੀਆਂ ਹੁੰਦੀਆਂ ਹਨ ਤਾਂ ਉਸ ਲਈ ਪਹਿਲਾ ਸਵਾਲ ਹੁੰਦਾ ਹੈ ਕਿ ਕੀ ਪੜ੍ਹਿਆ ਜਾਵੇ? ਇੱਕ ਪ੍ਰਚਲਿਤ ਰਾਏ ਮੁਤਾਬਕ ਉਸਨੂੰ ਮਨਪਸੰਦ ਵਿਸ਼ਿਆ ਬਾਰੇ ਕਹਾਣੀਆਂ, ਜੀਵਨੀਆਂ, ਸਫ਼ਰਨਾਮੇ ਆਦਿ ਪੜ੍ਹਨੇ ਚਾਹੀਦੇ ਹਨ। ਇਸ ਤਰ੍ਹਾਂ ਉਸ ਦੀ ਰੌਚਿਕਤਾ ਬਣੀ ਰਹੇਗੀ। ਪੜ੍ਹਨ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਹੋਰਾਂ ਨੂੰ ਪੜ੍ਹਨ ਲਈ ਪ੍ਰੇਰਨ। ਉਨ੍ਹਾਂ ਨੂੰ ਦੱਸਣ ਕਿ ਇਹ ਕਿਤਾਬ ਵਧੀਆ ਹੈ, ਇਹਦੇ ਵਿਚ ਇਸ ਬਾਰੇ ਜਾਣਕਾਰੀ ਹੈ, ਉਸ ਨਾਲ ਨਵੇਂ ਪਾਠਕਾਂ ਵਿਚ ਉਤਸੁਕਤਾ ਹੋਰ ਵਧਦੀ ਹੈ। ਇਸ ਸਾਲ ਸ੍ਰੀ ਭੈਣੀ ਸਾਹਿਬ ਮਾਰਚ 2021 ਨੂੰ ਪੁਸਤਕ ਮੇਲਾ ਕਰਵਾਇਆ ਗਿਆ। ਪੁਸਤਕ ਮੇਲਾ ਕਮੇਟੀ ਦਾ ਅੰਦਾਜਾ ਸੀ ਕਿ ਪੁਸਤਕ ਮੇਲਾ ਕਰਵਾ ਰਹੇ ਹਾਂ ਪਤਾ ਨਹੀਂ ਕਿਤਾਬਾਂ ਵਿਕਣ ਕਿ ਨਾ? ਢਾਈ ਦਿਨਾਂ ਦੇ ਪੁਸਤਕ ਮੇਲੇ ਦੌਰਾਨ 10 ਲੱਖ ਦੀਆਂ ਕਿਤਾਬਾਂ ਵਿਕੀਆਂ। ਵੱਡੇ ਪੁਸਤਕ ਮੇਲਿਆਂ ਦੇ ਮੁਕਾਬਲੇ ਇਹ ਅੰਕੜਾ ਬਹੁਤ ਛੋਟਾ ਹੈ। ਪਰ ਵੱਡੀ ਗੱਲ ਇਹ ਸੀ ਕਿ ਸੀਮਤ ਜਿਹੇ ਪੁਰਾਣੇ ਪਾਠਕਾਂ ਤੋਂ ਬਿਨਾਂ ਬਹੁਤੀਆਂ ਪੁਸਤਕਾਂ ਨਵੇਂ ਪਾਠਕਾਂ ਨੇ ਖਰੀਦੀਆਂ। ਇੱਕ ਹੋਰ ਗੱਲ ਵੇਖਣ ਨੂੰ ਮਿਲੀ ਕਿ ਨਵੇਂ ਪਾਠਕਾਂ ਦਾ ਪੁਸਤਕਾਂ ਖਰੀਦਣ ਨੂੰ ਜੀਅ ਤਾਂ ਕਰਦਾ ਸੀ ਪਰ ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਖਰੀਦੀਏ? ਜਿਨ੍ਹਾਂ ਨੂੰ ਕੋਈ ਪੁਰਾਣਾ ਪਾਠਕ ਜਾਂ ਪਬਲਿਸ਼ਰ ਗਾਈਡ ਕਰ ਦਿੰਦਾ ਤਾਂ ਉਹ 2-3 ਹਜ਼ਾਰ ਦੀਆਂ ਕਿਤਾਬਾਂ ਖ਼ਰੀਦ ਲੈਂਦੇ। ਸੋ ਸਾਨੂੰ ਜ਼ਰੂਰਤ ਹੈ ਪੁਸਤਕ ਮੇਲੇ ਕਰਵਾਉਣ ਦੀ ਅਤੇ ਨਵੇਂ ਪਾਠਕ ਪੈਦਾ ਕਰਨ ਦੀ ਤਾਂ ਕਿ ਇਕ ਤੰਦਰੁਸਤ ਸੋਚ ਵਾਲੇ ਸਮਾਜ ਦੀ ਉਸਾਰੀ ਹੋ ਸਕੇ।

ਸਾਡੀ ਪੰਜਾਬੀਆਂ ਦੀ ਕਿਤਾਬਾਂ ਤੋਂ ਕਾਫ਼ੀ ਵਿੱਥ ਹੈ। ਪੜ੍ਹਨ ਦਾ ਰੁਝਾਨ ਬਹੁਤ ਘੱਟ ਹੈ। ਬਹੁਤ ਘੱਟ ਲੋਕ ਹਨ, ਜੋ ਕਿਤਾਬਾਂ ਪੜ੍ਹਦੇ ਹਨ। ਅਸੀਂ ਬਹੁਤਾ ਸਮਾਂ ਮੋਬਾਈਲਾਂ 'ਤੇ ਗੁਜ਼ਾਰਦੇ ਹਾਂ। ਸਾਨੂੰ ਪੁਸਤਕਾਂ ਸੰਗ ਦੋਸਤੀ ਪਾਉਣੀ ਚਾਹੀਦੀ ਹੈ ਕਿਉਂਕਿ ਕਿਤਾਬਾਂ ਜਿਊਣ ਦਾ ਸਲੀਕਾ ਸਿਖਾਉਂਦੀਆਂ ਹਨ, ਮਾਨਸਿਕ ਵਿਕਾਸ ਕਰਦੀਆਂ ਹਨ, ਜ਼ਿੰਦਗੀ ਦੇ ਬਿਖੜੇ ਰਾਹਾਂ 'ਤੇ ਚੰਗੇ ਦੋਸਤਾਂ ਵਾਂਗ ਸਾਥ ਨਿਭਾਉਂਦੀਆਂ ਹਨ। ਸਫ਼ਦਰ ਹਾਸ਼ਮੀ ਲਿਖਦਾ ਹੈ-

ਕਿਤਾਬੇਂ ਕਰਤੀ ਹੈਂ ਬਾਤੇਂ
ਬੀਤੇ ਜ਼ਮਾਨੇ ਕੀ
ਦੁਨੀਆਂ ਕੀ, ਇਨਸਾਨੋਂ ਕੀ
ਆਜ ਕੀ ਕੱਲ੍ਹ ਕੀ
ਏਕ ਏਕ ਪਲ ਕੀ...
ਕਿਤਾਬੇਂ ਕੁਛ ਕਹਿਨਾ ਚਾਹਤੀ ਹੈਂ
ਤੁਮਹਾਰੇ ਪਾਸ ਰਹਿਨਾ ਚਾਹਤੀਂ ਹੈਂ......

**ਭਜਨ ਸਿੰਘ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਅਨੇਕਾਂ ਹੀ ਐਸੇ ਖੋਟੀ ਮੱਤ ਵਾਲੇ ਹਨ, ਜੋ ਗੰਦਗੀ ਖਾਂਦੇ ਹਨ।

Countless people with degraded intellect eat dirt.

**ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**

ਅਨੇਕਾਂ ਹੀ ਨਿੰਦਕ ਆਪਣੇ ਸਿਰ 'ਤੇ ਨਿੰਦਿਆ ਦਾ ਭਾਰ ਚੁੱਕੀ ਫਿਰਦੇ ਹਨ।

Countless cynics carry the weight of criticism upon themselves.

**ਨਾਨਕੁ ਨੀਚੁ ਕਹੈ ਵੀਚਾਰੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਵਿਚਾਰੇ ਨੇ ਤਾਂ ਇਹ ਵਿਚਾਰਾਂ ਕੀਤੀਆਂ ਹਨ।

Satguru Nanak says that I have only reflected on these ideas.

**ਵਾਰਿਆ ਨ ਜਾਵਾ ਏਕ ਵਾਰ ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

I am not capable of being a sacrifice onto You even once.

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

Whatever You (God) prefer, that itself is good.

**ਤੂ ਸਦਾ ਸਲਾਮਤਿ ਨਿਰੰਕਾਰ ॥੧੮॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।

O formless God ! You are eternal.

**ਅਸੰਖ ਨਾਵ ਅਸੰਖ ਥਾਵ ॥**

ਅਨੇਕਾਂ ਹੀ ਤੇਰੇ ਨਾਂ ਅਤੇ ਥਾਂ ਹਨ।

You (The God) are known by countless names and places.

**ਅਗੰਮ ਅਗੰਮ ਅਸੰਖ ਲੋਅ ॥**

ਅਨੇਕਾਂ ਹੀ ਤੇਰੇ ਲੋਕ ਹਨ, ਜਿੱਥੇ ਜੀਵ ਨਹੀ ਪਹੁੰਚ ਸਕਿਆ।

There are countless universes (created by You), where no one has ever reached.

**ਅਸੰਖ ਕਹਹਿ ਸਿਰਿ ਭਾਰੁ ਹੋਇ ॥**

ਹੇ ਪ੍ਰਭੂ ਤੈਨੂੰ ਗਿਣਤੀ ਮਿਣਤੀ ਤੋਂ ਬਾਹਰਾ ਆਖਿਆਂ ਵੀ ਸਿਰ ਤੇ ਭਾਰ ਹੀ ਚੜਦਾ ਹੈ।

Even referring to Your Creations as countless, is like carrying the weight on one's head (meaning, the expression of 'countless' is also far from reality).

**ਅਖਰੀ ਨਾਮੁ ਅਖਰੀ ਸਾਲਾਹ ॥**

ਅੱਖਰਾਂ ਨਾਲ ਤੇਰਾ ਨਾਮ ਲਿਆ ਜਾਂਦਾ ਹੈ ਅਤੇ ਅੱਖਰਾਂ ਨਾਲ ਹੀ ਤੇਰੀ ਸਿਫ਼ਤ ਕੀਤੀ ਜਾਂਦੀ ਹੈ।

Words call out Your name and it is through words that Your praise is sung.

**ਅਖਰੀ ਗਿਆਨੁ ਗੀਤ ਗੁਣ ਗਾਹ ॥**

ਅੱਖਰਾਂ ਨਾਲ ਹੀ ਗਿਆਨ ਮਿਲਦਾ ਹੈ ਅਤੇ ਅੱਖਰਾਂ ਨਾਲ ਹੀ ਪ੍ਰਭੂ ਦੇ ਗੀਤ ਤੇ ਗੁਣ ਗਾਏ ਜਾਂਦੇ ਹਨ।

It is through words that knowledge is obtained,
it is through words that the praises of Your virtues are sung.

**ਅਖਰੀ ਲਿਖਣੁ ਬੋਲਣੁ ਬਾਣਿ ॥**

ਬਾਣੀ ਲਿਖਣਾ ਤੇ ਬੋਲਣਾ ਅੱਖਰਾਂ ਨਾਲ ਹੀ ਹੁੰਦਾ ਹੈ।

It is through Words that one writes and speaks languages.

**ਅਖਰਾ ਸਿਰਿ ਸੰਜੋਗੁ ਵਖਾਣਿ ॥**

ਅੱਖਰਾਂ ਨਾਲ ਹੀ ਮੱਥੇ ਦੇ ਸੰਜੋਗ ਬਿਆਨ ਕੀਤੇ ਜਾਂਦੇ ਹਨ।

Words narrate one's destiny.

**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**

ਜਿਸਨੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ 'ਤੇ ਕੋਈ ਲੇਖ ਨਹੀਂ।

The one (God) who has written these (words of destiny), is Himself free of destiny.

**ਜਿਵ ਫੁਰਮਾਏ ਤਿਵ ਤਿਵ ਪਾਹਿ ॥**

ਜਿਸ ਤਰ੍ਹਾਂ ਉਹ ਹੁਕਮ ਕਰਦਾ ਹੈ, ਉਸੇ ਤਰ੍ਹਾਂ ਜੀਵ ਦੁਖ-ਸੁਖ ਭੋਗਦੇ ਹਨ।

Humans experience emotions (both happiness and sadness), as per the Command of God.

**ਜੇਤਾ ਕੀਤਾ ਤੇਤਾ ਨਾਉ ॥**

ਜੋ ਕੁਝ ਹਰੀ ਨੇ ਕੀਤਾ ਹੈ, ਸਭ ਨਾਮ ਰੂਪ ਹੀ ਕੀਤਾ ਹੈ।

Whatever God has done, He has done it through *Naam*.

**ਵਿਣੁ ਨਾਵੈ ਨਾਹੀ ਕੋ ਥਾਉ ॥**

ਤੇਰੇ ਨਾਮ ਤੋਂ ਬਿਨਾਂ ਕੋਈ ਥਾਂ ਨਹੀਂ ਹੈ।

There is no place without Your *Naam*.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਉਪਦੇਸ਼
# ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਪਰਮ ਸਤਿਕਾਰਯੋਗ ਸਾਧ-ਸੰਗਤ ਜੀ ਵਿੱਦਿਅਕ ਜਥੇ ਦੇ ਸੇਵਾਦਾਰ, ਨੌਜਵਾਨ ਬੱਚੇ-ਬੱਚੀਆਂ ਜਿਹੜੇ ਆਨਲਾਈਨ ਜੁੜੇ ਹੋਏ ਨੇ, ਜਿਸ ਵਿੱਦਿਅਕ ਸੰਮੇਲਨ ਨੂੰ ਸ਼ੁਰੂ ਹੋਇਆਂ ਸ਼ਾਇਦ 50 ਸਾਲ ਤੋਂ ਜਿਆਦਾ ਸਮਾਂ ਹੋ ਗਿਆ ਹੈ, ਜਿਸ ਪਾਤਸ਼ਾਹ ਨੇ ਇਹ ਸੰਮੇਲਨ ਸ਼ੁਰੂ ਕੀਤਾ, ਉਨ੍ਹਾਂ ਦੇ ਚਰਨਾਂ ਵਿੱਚ ਸੀਸ ਝੁਕਾਈਏ ਬੜੇ ਹੀ ਪਿਆਰ ਨਾਲ ਆਖੀਏ- 'ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।'

ਜਦੋਂ ਵੀ ਕੋਈ ਚੀਜ਼ ਸ਼ੁਰੂ ਕੀਤੀ ਜਾਂਦੀ ਹੈ, ਕੋਈ ਇੰਸਟੀਚਿਊਸ਼ਨ, ਕੋਈ ਕੰਪਨੀ ਜਾਂ ਕੋਈ ਹਸਪਤਾਲ ਉਸ ਦਾ ਕੋਈ ਮਿਸ਼ਨ ਲੈ ਕੇ ਸ਼ੁਰੂ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਵਿਦਿਅਕ ਸੰਮੇਲਨ ਜਦੋਂ ਸ਼ੁਰੂ ਹੋਇਆ, ਸਤਿਗੁਰੂ ਜਗਜੀਤ ਸਿੰਘ ਜੀ ਨੇ ਲਗਭਗ 55 ਸਾਲ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਵਿਚਾਰ ਕਿ ਪੰਥ ਦਾ ਬਹੁਤਾ ਕੰਮ ਨੌਜਵਾਨ ਕਰ ਸਕਦੇ ਹਨ, ਨੂੰ ਸੋਚ ਕੇ ਸ਼ੁਰੂ ਕੀਤਾ। ਕਿਸੇ ਕੌਮ, ਦੇਸ਼ ਨੂੰ ਅੱਗੇ ਲੈ ਕੇ ਜਾਣ ਵਾਸਤੇ ਨੌਜਵਾਨਾਂ ਦਾ ਰੋਲ ਬਹੁਤ ਵੱਡਾ ਰਹਿੰਦਾ ਹੈ। ਇਸ ਵਿੱਦਿਅਕ ਸੰਮੇਲਨ ਦਾ ਮਿਸ਼ਨ ਇਹ ਹੈ ਕਿ ਗੁਰੂ ਨਾਨਕ ਦੇਵ ਦੇ ਚਲਾਏ ਹੋਏ ਪੰਥ ਨੂੰ ਅੱਗੇ ਲੈ ਕੇ ਜਾਈਏ। ਉਹ ਪੰਥ, ਜਿਸ ਵਿੱਚ ਪ੍ਰਮਾਤਮਾ ਨਾਲ ਜੋੜਨ ਦੀ ਗੱਲ ਕੀਤੀ ਹੈ। ਈਰਖਾ-ਦਵੈਸ਼ ਖ਼ਤਮ ਕਰਨ ਨੂੰ ਆਖਿਆ ਹੈ। ਧਰਮਾਂ ਵਿੱਚ ਅਕਸਰ ਕੱਟੜਵਾਦ ਆ ਜਾਂਦਾ ਹੈ, ਕੋਈ ਕਹਿੰਦਾ ਹੈ, ਹਿੰਦੂ ਚੰਗੇ ਨਹੀਂ, ਮੁਸਲਮਾਨ ਚੰਗੇ ਨਹੀਂ, ਬੋਧੀ ਚੰਗੇ ਨਹੀਂ, ਪਰ ਗੁਰੂ ਨਾਨਕ ਦੇਵ ਜੀ ਨੇ ਆਖਿਆ, ਜੋ ਸੱਚ ਦੇ ਰਸਤੇ 'ਤੇ ਚਲਦੇ ਹਨ, ਉਹ ਸਾਰੇ ਹੀ ਚੰਗੇ ਹਨ। ਜੇ ਤੁਸੀਂ ਹਿੰਦੂ ਹੋ ਤਾਂ ਚੰਗੇ ਹਿੰਦੂ ਬਣ ਜਾਵੋ, ਜੇ ਮੁਸਲਾਮਨ ਹੋ ਤਾਂ ਚੰਗੇ ਮੁਸਲਮਾਨ ਬਣ ਜਾਵੋ। ਗੁਰੂ ਨਾਨਕ ਦੇਵ ਦੇ ਪੰਥ ਦਾ ਦੂਜਿਆਂ ਨਾਲੋਂ ਇਹ ਫ਼ਰਕ ਰਿਹਾ ਕਿ ਉਹਨਾਂ ਨੇ ਕਦੀ ਕਿਸੇ ਨੂੰ ਮਾੜਾ ਨਹੀਂ ਆਖਿਆ। ਜੇ ਅਸੀਂ ਇਹ ਇੱਕੋ ਹੀ ਸਿੱਖਿਆ ਲੈ ਲਈਏ, ਇਹ ਕਿੰਨੀ ਵੱਡੀ ਸਿੱਖਿਆ ਹੈ ਕਿ ਕਦੀ ਕਿਸੇ ਨੂੰ ਮਾੜਾ ਨਾ ਆਖਿਆ ਜਾਵੇ। ਗੁਰੂ ਨਾਨਕ ਦੇਵ ਦੇ ਸਮੇਂ ਜੇ ਤੁਰਕਾਂ ਨੇ ਕੁਝ ਮਾੜਾ ਕੀਤਾ ਤਾਂ ਗੁਰੂ ਜੀ ਨੇ ਉਹਨਾਂ ਦੇ ਧਰਮ ਨੂੰ ਮਾੜਾ ਨਹੀਂ ਆਖਿਆ। ਸਗੋਂ ਉਹਨਾਂ ਨੂੰ ਕਿਹਾ ਤੁਸੀਂ ਚੰਗੇ ਮੁਸਲਮਾਨ ਬਣੋ। ਸਿੱਖੀ ਦੇ ਅਸੂਲ ਬੜੇ ਯੂਨੀਵਰਸਲ ਹਨ। ਗੁਰਬਾਣੀ ਵਿੱਚ ਵੀ ਲਿਖਿਆ ਹੈ-

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥**

ਜਿਹਦੇ ਅੰਦਰ ਸਾਰਿਆਂ ਵਾਸਤੇ ਦਇਆ ਆ ਜਾਵੇ, ਉਹ ਕਿਸੇ ਦਾ ਮਾੜਾ ਕਿਉਂ ਸੋਚੇਗਾ? ਜੇ ਤੁਸੀਂ ਚੰਗੇ ਇਨਸਾਨ ਬਣਨਾ ਹੈ ਤਾਂ ਦਇਆ ਬੜੀ ਜ਼ਰੂਰੀ ਹੈ। ਜੇ ਤੁਹਾਡੇ ਅੰਦਰ ਦਇਆ ਆਉਂਦੀ ਹੈ ਤਾਂ ਤੁਸੀਂ ਚੰਗੇ ਸਿੱਖ ਬਣ ਜਾਂਦੇ ਹੋ।

ਤੁਸੀਂ ਬੜੀ ਵਾਰੀ ਸੁਣਿਆ ਹੋਣੈ, ਸਤਿਗੁਰੂ ਜਗਜੀਤ ਸਿੰਘ ਦੇ ਉਪਦੇਸ਼ ਵਿੱਚ ਇਕ ਵਾਰ ਜਪਾਨ ਵਿੱਚ ਧਰਮਾਂ ਦੀ ਕਾਨਫ਼ਰੰਸ ਹੋਈ। ਸਤਿਗੁਰੂ ਜੀ ਕਹਿੰਦੇ ਹਨ- "ਉਨ੍ਹਾਂ ਮੈਨੂੰ ਪੁੱਛਿਆ ਕਿ ਸਾਰਿਆਂ ਦਾ ਸਾਂਝਾ ਧਰਮ ਕੀ ਹੈ?" ਸਤਿਗੁਰਾਂ ਬਚਨ ਕੀਤਾ- "ਸਾਰਿਆਂ ਦਾ ਸਾਂਝਾ ਧਰਮ ਸੱਚ ਬੋਲਣਾ ਹੈ। ਜਿਸ ਤੋਂ ਨਾਸਤਿਕ ਵੀ ਵੱਖਰੇ ਨਹੀਂ ਹੋ ਸਕਦੇ।"

ਇਸ ਤਰ੍ਹਾਂ ਦਾ ਧਰਮ ਸਾਨੂੰ ਸੱਚੇ ਪਾਤਸ਼ਾਹ ਜੀ ਨੇ ਦੱਸਿਆ। ਉਸ ਧਰਮ ਨੂੰ ਅੱਗੇ ਲੈ ਕੇ ਜਾਣ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਸੰਮੇਲਨ ਸ਼ੁਰੂ ਕੀਤਾ। ਯਤਨ ਕੀਤਾ ਕਿ ਨੌਜਵਾਨ ਅੱਗੇ ਲੱਗਣ, ਉਦੋਂ ਜਿਹੜੇ ਨੌਜਵਾਨ ਸਨ, ਅੱਜ

ਉਹ ਬਜ਼ੁਰਗ ਹੋ ਚੁੱਕੇ ਹਨ। ਉਨ੍ਹਾਂ ਪਹਿਲੇ ਜਥਿਆਂ ਵਿੱਚ ਸ. ਸੁਰਿੰਦਰ ਸਿੰਘ, ਹੰਸਪਾਲ ਜੀ (ਹਰਵਿੰਦਰ ਸਿੰਘ), ਵਰਿਆਮ ਜੀ (ਜਗਦੀਸ਼ ਸਿੰਘ), ਸ. ਸੁਵਰਨ ਸਿੰਘ ਵਿਰਕ, ਸ. ਜਸਵੰਤ ਸਿੰਘ ਜੋਸ਼ ਆਦਿ ਸਨ।

ਸਾਡਾ ਇਹ ਫ਼ਰਜ਼ ਹੈ ਕਿ ਜੋ ਸੁਨੇਹਾ ਸਾਨੂੰ ਸੱਚੇ ਪਾਤਸ਼ਾਹ ਜੀ ਨੇ ਦਿੱਤਾ, ਉਹ ਮੰਨੀਏ ਅਤੇ ਅਸੀਂ ਤਕੜੇ ਹੋ ਕੇ ਸਿੱਖੀ ਨਾਲ ਜੁੜੀਏ। ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੇੜਿਓਂ ਦਰਸ਼ਨ ਕੀਤੇ ਹਨ, ਉਹ ਜਾਣਦੇ ਹਨ, ਜਦੋਂ ਵੀ ਕੋਈ ਸਿੱਖ ਕਾਰੋਬਾਰ 'ਚ ਤਰੱਕੀ ਕਰਦਾ, ਪੜ੍ਹਾਈ ਕਰਕੇ ਸਰਕਾਰੀ ਨੌਕਾਰੀ ਪ੍ਰਾਪਤ ਕਰਦਾ ਤਾਂ ਉਹ ਗਦ-ਗਦ ਹੋ ਜਾਂਦੇ ਸਨ। ਉਹ ਬੜੀ ਖੁਸ਼ੀ ਨਾਲ ਸਾਰਿਆਂ ਨੂੰ ਦੱਸਦੇ ਕਿ ਮੇਰੇ ਇਸ ਬੱਚੇ ਨੇ ਆ ਪ੍ਰਾਪਤੀ ਕੀਤੀ ਹੈ। ਉਹ ਅਕਸਰ ਕਹਿੰਦੇ- ਤੁਸੀਂ ਇੰਜੀਨੀਅਰ, ਖਿਡਾਰੀ, ਐਮ.ਐਲ.ਏ. ਜੋ ਮਰਜ਼ੀ ਬਣ ਜਾਉ, ਪਰ ਪਹਿਲਾਂ ਸਿੱਖ ਬਣੋ।

ਮੇਰੇ ਕੋਲ ਕਿਸੇ ਨੇ ਗੱਲ ਕੀਤੀ ਕਿ ਉਨ੍ਹਾਂ ਆਪਣੇ ਬੱਚੇ ਦਾ ਰਿਸ਼ਤਾ ਕੀਤਾ ਹੈ, ਉਹ ਮੈਨੂੰ ਵਾਰ-ਵਾਰ ਇਹ ਦੱਸਣ ਕਿ ਜਿਸ ਲੜਕੀ ਨਾਲ ਰਿਸ਼ਤਾ ਕੀਤਾ ਹੈ, ਉਹ ਅੱਖਾਂ ਦੀ ਡਾਕਟਰ ਹੈ। ਪਰ ਮੇਰਾ ਭਾਅ ਤਾਂ ਕੇਵਲ 'ਸਿੱਖੀ' ਤੋਂ ਹੈ। ਭਾਵੇਂ ਉਹ ਡਾਕਟਰ ਹੋਵੇ, ਭਾਵੇਂ ਉਹ ਅਫ਼ਸਰ ਹੋਵੇ, ਉਸ ਚੀਜ਼ ਨਾਲ ਮੇਰਾ ਭਾਅ ਨਹੀਂ। ਤੁਸੀਂ ਜ਼ਿੰਦਗੀ ਵਿੱਚ ਪੜ੍ਹਾਈਆਂ ਵੀ ਕਰਨੀਆਂ ਹਨ, ਕੰਮ ਵੀ ਕਰਨੇ ਹਨ, ਮਾਇਆ ਵੀ ਕਮਾਉਣੀ ਹੈ, ਪਰ ਇਹ ਸਾਰਾ ਕੁਝ ਕਰਦਿਆਂ ਉਸ (ਪ੍ਰਮਾਤਮਾ) ਨਾਲ ਜੁੜੇ ਰਹਿਣਾ ਹੈ। ਉਹ ਦਾਤਾ ਹੀ ਸਭ ਨੂੰ ਦਿੰਦਾ ਹੈ, ਜਿੰਨਾ ਦਿੰਦਾ ਹੈ, ਓਨਾ ਹੀ ਸੰਤੋਖ ਨਾਲ ਲੈ ਲਈਏ ਕਿਉਂਕਿ ਬਿਨਾਂ ਸੰਤੋਖ ਤੋਂ ਕੋਈ ਨਹੀਂ ਰੱਜਦਾ।

**ਨਹੀ ਹੋਤ ਕਛੁ ਦੋਊ ਬਾਰਾ॥ ਕਰਨੈਹਾਰੁ ਨ ਭੂਲਣਹਾਰਾ॥**

ਜੋ ਉਹਦਾ ਲਿਖਿਆ ਏ-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥**

ਜੋ ਕਿਸਮਤ ਲਿਖੀ ਹੈ, ਉਹ ਉਸ ਅਕਾਲਪੁਰਖ ਨੇ ਹੀ ਲਿਖੀ ਹੈ, ਉਹ ਹੀ ਬਣਾਉਣ ਵਾਲਾ ਹੈ ਤੇ ਉਹ ਹੀ ਖ਼ਤਮ ਕਰਨ ਵਾਲਾ ਹੈ। ਕਿਉਂਕਿ ਸਾਡੀ ਇੱਛਾ ਮੁਤਾਬਕ ਦੁਨੀਆਂ ਨਹੀਂ ਚੱਲਦੀ। ਜਦੋਂ ਕਦੀ-ਕਦਾਂ ਸਾਡੀ ਇੱਛਾ ਮੁਤਾਬਕ ਕੁਝ ਹੋ ਜਾਂਦੈ ਤਾਂ ਸਾਨੂੰ ਇਹ ਭੁਲੇਖਾ ਪੈ ਜਾਂਦੈ ਕਿ ਇਹ ਮੇਰਾ ਕੀਤਾ ਹੋਇਆ ਹੈ ਤਾਂ ਅਸੀਂ ਕਰਤਾ ਪੁਰਖ ਨੂੰ ਭੁੱਲ ਜਾਂਦੇ ਹਾਂ। ਸਤਿਗੁਰੂ ਜਗਜੀਤ ਸਿੰਘ ਬੜੀ ਵਾਰੀ ਗੁਰੂ ਨਾਨਕ ਦੇਵ ਜੀ ਦਾ ਬਚਨ ਸੁਣਾਉਂਦੇ ਸੀ-

**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥**

ਪ੍ਰਮਾਤਮਾ ਬਾਰੇ ਇੰਨੀ ਸੌਖੀ Discription ਸਾਨੂੰ ਹੋਰ ਕਿਤੇ ਨਹੀਂ ਮਿਲਣੀ। ਗੁਰਬਾਣੀ ਵਿੱਚ ਲਿਖਿਆ ਹੈ-

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**

ਉਹ ਰਹਿੰਦਾ ਕਿੱਥੇ ਹੈ, ਉਹ ਸਾਰਿਆਂ ਵਿੱਚ, ਕੁਦਰਤ ਵਿੱਚ ਰਹਿੰਦਾ ਹੈ। ਇਹ ਭਰਮ ਦਾ ਪੜਦਾ ਹੈ, ਇਹ ਉਦੋਂ ਹੀ ਲਹਿੰਦਾ ਹੈ, ਜਦੋਂ ਉਸ ਦੀ ਕਿਰਪਾ ਹੁੰਦੀ ਹੈ।

ਅਰਦਾਸ ਕਰੀਏ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ 'ਤੇ ਕਿਰਪਾ ਕਰੋ, ਅਸੀਂ ਸਿੱਖੀ ਦਾ ਪ੍ਰਚਾਰ ਕਰ ਸਕੀਏ। ਸਾਡੇ ਮਨਾਂ 'ਚੋਂ ਈਰਖਾ ਖ਼ਤਮ ਹੋ ਜਾਵੇ।

ਇਕ ਵਿਹਾਰਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਹਾਂਮਾਰੀ (ਕਰੋਨਾ) ਚੱਲ ਰਹੀ ਹੈ। ਸਾਡੇ ਨਾਮਧਾਰੀਆਂ ਵਿੱਚੋਂ ਵੀ ਬਹੁਤ ਸਾਰੇ ਸਰੀਰ ਪਿਛਲੇ ਦਿਨਾਂ ਵਿੱਚ ਮਹਾਂਮਾਰੀ ਕਰਕੇ ਚੜ੍ਹਾਈ ਕਰ ਗਏ ਹਨ। ਸਾਰੇ ਅਰਦਾਸ ਕਰੋ, ਸੱਚੇ ਪਾਤਸ਼ਾਹ ਕਿਰਪਾ ਕਰਨ ਕਿਸੇ ਨੂੰ ਵੀ ਕੋਈ ਤਕਲੀਫ਼ ਨਾ ਆਵੇ।

ਇਕ ਬੇਨਤੀ ਹੈ ਕਿ ਸਾਰੇ ਸਰੀਰ ਵੈਕਸੀਨ ਜ਼ਰੂਰ ਲਵਾ ਲੈਣ। ਹੁਣ 18 ਸਾਲ ਤੋਂ ਉੱਪਰ ਉਮਰ ਵਾਲਿਆਂ ਦੇ ਵੀ ਵੈਕਸੀਨ ਲੱਗਣ ਲੱਗ ਗਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਐਲੋਪੈਥੀ, ਆਯੁਰਵੈਦਿਕ, ਨੈਚਰੋਪੈਥੀ ਦਾ ਸਮਤੋਲ ਬਣਾ ਕੇ ਰੱਖਿਆ। ਸਾਨੂੰ ਵੀ ਕਿਸੇ ਭਰਮ ਵਿੱਚ ਪੈਣ ਦੀ ਲੋੜ ਨਹੀਂ। ਜੇ ਕਿਸੇ ਨੂੰ ਕੋਈ ਬਿਮਾਰੀ ਹੈ, ਉਹ ਡਾਕਟਰ ਦੀ ਸਲਾਹ ਲੈ ਲੈਣ। ਸਾਰੇ ਜਣੇ ਵੈਕਸੀਨ ਲਵਾਉ। ਫਿਰ ਸੰਗਤ ਇਕੱਠੀ ਹੋਵੇ ਤੇ ਮੇਲੇ ਹੋਣ। ਮੈਂ ਇੰਨੀ ਅਰਜ਼ ਕਰਕੇ ਤੁਹਾਡੇ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ।

# "ਸਤਿਜੁਗ": ਸੁਤੰਤਰਤਾ ਸੰਗਰਾਮ ਦਾ ਮੁਹਰੈਲੀ ਬੁਲਾਰਾ

**ਡਾ. ਗੁਰਦੇਵ ਸਿੰਘ ਸਿੱਧੂ**
**ਪ੍ਰਸਿੱਧ ਇਤਿਹਾਸਕਾਰ**
**94170-49417**

ਪੰਜਾਬ ਵਿਚ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਇਕ ਪਾਸੇ ਅੰਗਰੇਜ਼ ਹਕੂਮਤ ਵਿਰੋਧੀ ਜ਼ੋਰਦਾਰ ਸਰਗਰਮੀਆਂ ਸਿਖ਼ਰ ਉੱਤੇ ਰਹੀਆਂ, ਦੂਜੇ ਪਾਸੇ ਇਹਨਾਂ ਸਰਗਰਮੀਆਂ ਨੂੰ ਠੱਲਣ ਵਾਸਤੇ ਅੰਗਰੇਜ਼ ਹਕੂਮਤ ਨੇ ਜਬਰ ਜ਼ੁਲਮ ਢਾਹੁਣ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਇਹ ਚਾਹੇ ਗਦਰ ਲਹਿਰ ਸੀ ਜਾਂ ਰੌਲਟ ਐਕਟ ਵਿਰੋਧੀ ਅੰਦੋਲਨ, ਸਰਕਾਰ ਨੇ ਇਹਨਾਂ ਵਿਚ ਭਾਈਵਾਲ ਲੋਕਾਂ ਲਈ ਫਾਂਸੀ, ਉਮਰ ਕੈਦ, ਕਾਲੇ ਪਾਣੀ ਦੀਆਂ ਸਜ਼ਾਵਾਂ ਥੋਕ ਵਿਚ ਦਿੱਤੀਆਂ। ਪਰ ਇਹਨਾਂ ਸਜ਼ਾਵਾਂ ਤੋਂ ਬੇਖੌਫ ਪੰਜਾਬੀ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਦੇ ਪੰਜੇ ਵਿਚੋਂ ਮੁਕਤ ਕਰਵਾਉਣ ਲਈ ਡਟੇ ਰਹੇ। ਅਜਿਹੇ ਮਾਹੌਲ ਵਿਚ ਨਾਮਧਾਰੀ ਸੰਪ੍ਰਦਾ, ਜਿਸ ਨੇ ਪਿਛਲੇ ਛੇ ਦਹਾਕਿਆਂ ਤੋਂ ਗੁਲਾਮੀ ਦੀ ਛੱਟ ਲਾਹੁਣ ਲਈ ਝੰਡਾ ਚੁੱਕਿਆ ਹੋਇਆ ਸੀ, ਕਿਵੇਂ ਪਿੱਛੇ ਰਹਿ ਸਕਦੀ ਸੀ? ਪੰਜਾਬ ਸਰਕਾਰ ਨੇ ਨਾਮਧਾਰੀਆਂ ਦੇ ਪ੍ਰਚਾਰ ਨੂੰ ਸੀਮਿਤ ਕਰਨ ਵਾਸਤੇ ਨਾਮਧਾਰੀ ਕੇਂਦਰ ਨੂੰ ਪੁਲਸ ਦੇ ਹਵਾਲੇ ਕੀਤਾ ਹੋਣ ਕਾਰਨ ਉਹਨਾਂ ਪ੍ਰਕਾਸ਼ਨ ਮਾਧਿਅਮ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਅਤੇ ਇਸ ਮਨੋਰਥ ਵਾਸਤੇ ਲਾਹੌਰ ਤੋਂ "ਸਤਿਜੁਗ" ਨਾਉਂ ਦੇ ਹਫ਼ਤਾਵਾਰੀ ਅਖ਼ਬਾਰ ਦੀ ਪ੍ਰਕਾਸ਼ਨਾ ਅਰੰਭ ਕੀਤੀ। "ਸਤਿਜੁਗ" ਦਾ ਪਹਿਲਾ ਅੰਕ 26 ਮਈ 1920 ਨੂੰ ਨਿਰੰਕਾਰ ਸਿੰਘ 'ਚੇਤਨ' ਦੀ ਸੰਪਾਦਨਾ ਹੇਠ ਨਿਕਲਿਆ ਪਰ ਇਸ ਯੋਜਨਾ ਪਿੱਛੇ ਕਾਰਜਕਾਰੀ ਸ਼ਕਤੀ (ਉਸ ਵਕਤ ਦੇ) ਨਾਮਧਾਰੀ ਮੁਖੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਛੋਟੇ ਭਰਾ ਮਹਾਰਾਜ ਗੁਰਦਿਆਲ ਸਿੰਘ ਜੀ ਸਨ। ਅਖਬਾਰ ਦੇ ਪਹਿਲੇ ਅੰਕ ਵਿਚ "ਸਤਿਜੁਗ ਅਖਬਾਰ" ਸੁਰਖੀ ਹੇਠ ਦਿੱਤੇ ਗਏ ਵੇਰਵੇ ਅਨੁਸਾਰ ਅਖ਼ਬਾਰ ਸ਼ੁਰੂ ਕਰਨ ਪਿੱਛੇ ਮਨੋਰਥ ਬਹੁ-ਪੱਖੀ ਸੀ ਪਰ ਹਥਲੇ ਲੇਖ ਵਿਚ ਜਿਸ ਮਨੋਰਥ ਦੀ ਪ੍ਰਾਪਤੀ ਬਾਰੇ ਜ਼ਿਕਰ ਕੀਤਾ ਜਾਣਾ ਹੈ, ਉਹ ਸੰਪਾਦਕ ਦੇ ਸ਼ਬਦਾਂ ਵਿੱਚ ਇਉਂ ਦੱਸਿਆ ਗਿਆ ਸੀ, "ਪੰਥ ਅਤੇ ਦੇਸ ਦੇ ਹਰ ਇਕ ਮਨੁੱਖ ਨੂੰ ਗਿਆਨੀ ਬਣਾ ਕੇ ਆਪਣੇ ਹੱਕ ਲੈਣ ਲਈ ਤਿਆਰ ਕਰਨਾ।"

ਅਖ਼ਬਾਰ "ਸਤਿਜੁਗ" ਦੀ ਸੌ ਸਾਲ ਦੀ ਅਉਧ ਵਿਚੋਂ ਪਹਿਲੇ 27 ਸਾਲ ਅੰਗਰੇਜ਼ੀ ਗੁਲਾਮੀ ਦਾ ਸਮਾਂ ਸੀ। 'ਸਤਿਜੁਗ' ਨੇ ਪ੍ਰਕਾਸ਼ਮਾਨ ਹੋਣ ਦੇ ਦਿਨ ਤੋਂ ਹੀ ਨਿਡਰਤਾ ਨਾਲ ਆਪਣੇ ਸਿਆਸੀ ਮਨੋਰਥ ਦੀ ਪ੍ਰਾਪਤੀ ਲਈ ਪ੍ਰਚਾਰ ਕੀਤਾ। ਨਾਮਧਾਰੀ ਪੰਥ ਪਿਛਲੇ ਛੇ ਦਹਾਕਿਆਂ ਤੋਂ ਸਰਕਾਰੀ ਡਾਕ ਪ੍ਰਬੰਧ, ਸਰਕਾਰੀ ਅਦਾਲਤਾਂ, ਵਲੈਤੀ ਕੱਪੜੇ ਦਾ ਵਹਿਸ਼ਕਾਰ ਕਰ ਕੇ ਅੰਗਰੇਜ਼ ਸਰਕਾਰ ਨਾਲ ਨਾ-ਮਿਲਵਰਤਨ ਦੀ ਨੀਤੀ ਉੱਤੇ ਚੱਲ ਰਿਹਾ ਸੀ, ਇਸ ਲਈ ਅਖ਼ਬਾਰ ਵਿਚ ਪਾਠਕਾਂ ਨੂੰ ਇਸ ਬਾਰੇ ਸੁਨੇਹਾ ਦੇਣਾ ਜਾਰੀ ਰਿਹਾ। ਇਹ ਸੁਨੇਹਾ ਅਕਸਰ ਕਵਿਤਾ ਦਾ ਵਿਸ਼ਾ ਬਣਾ ਕੇ ਦਿੱਤਾ ਜਾਂਦਾ ਸੀ। 29 ਸਤੰਬਰ 1920 ਦੇ ਅੰਕ ਵਿਚ ਨਿਰੰਕਾਰ ਸਿੰਘ 'ਚੇਤਨ' ਦੀ ਲਿਖੀ ਕਵਿਤਾ "ਬੰਦ ਕਰੋ ਸਰਕਾਰ ਦੇ ਨਾਲ ਵਰਤਣ" ਅਤੇ 8 ਦਸੰਬਰ 1920 ਵਾਲੇ ਅੰਕ ਵਿਚ ਨਿਧਾਨ ਸਿੰਘ 'ਆਲਮ' ਦੀ ਕਵਿਤਾ "ਹੁਣ ਛੱਡ ਦਿਓ ਭਾਈਚਾਰਾ ਨੌਕਰਸ਼ਾਹੀ ਦਾ" ਇਸ ਦੀ ਉਦਾਹਰਨ ਹਨ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦ ਅਜੇ ਮਹਾਤਮਾ ਗਾਂਧੀ ਨੇ ਸਰਕਾਰ ਨਾਲ ਨਾ-ਮਿਲਵਰਤਨ ਦਾ ਸੱਦਾ ਨਹੀਂ ਸੀ ਦਿੱਤਾ। ਸਰਕਾਰ ਲਈ ਅਜਿਹਾ ਪ੍ਰਚਾਰ ਅਸਹਿਣਯੋਗ ਸੀ, ਇਸ ਲਈ ਸਰਕਾਰ ਨੇ ਪਿਛਲੀ ਕਵਿਤਾ ਨੂੰ ਇਤਰਾਜ਼ਯੋਗ ਐਲਾਨਿਆ ਅਤੇ ਡਿਪਟੀ ਕਮਿਸ਼ਨਰ, ਲਾਹੌਰ ਵੱਲੋਂ ਅਖ਼ਬਾਰ ਦੀ ਪ੍ਰਕਾਸ਼ਨਾ ਦੇ ਜ਼ਿੰਮੇਵਾਰ ਸਾਰੇ ਵਿਅਕਤੀਆਂ ਨੂੰ ਭਵਿੱਖ ਵਿਚ ਅਜਿਹੀ ਕਵਿਤਾ ਨਾ ਛਾਪਣ ਬਾਰੇ ਸੁਚੇਤ ਰਹਿਣ ਦੀ ਤਾੜਨਾ ਕੀਤੀ ਗਈ। 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ; ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਉੱਤੇ ਕਾਬਜ਼ ਮਹੰਤ ਨਰਾਇਣ ਦਾਸ ਵੱਲੋਂ ਕੀਤੇ ਇਸ ਅਣ-ਮਨੁੱਖੀ ਕਾਰੇ ਨੇ ਸਿੱਖ ਜਗਤ ਦੇ ਹਿਰਦੇ ਵਲੂੰਧਰ ਦਿੱਤੇ। ਜਿੱਥੇ ਸ਼ਹੀਦ ਹੋਣ ਵਾਲੇ ਜਥੇ ਵਿਚ ਵੀ 15 ਨਾਮਧਾਰੀ ਸ਼ਾਮਲ ਸਨ, ਉੱਥੇ "ਸਤਿਜੁਗ" ਨੇ ਸਿੱਖ ਜਗਤ ਵਿਚ ਇਸ ਦ੍ਰਿੰਦਗੀਪੂਰਨ ਘਟਨਾ ਖਿਲਾਫ ਉਪਜੇ ਲੋਕ ਰੋਹ ਨੂੰ ਪ੍ਰਗਟਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਅਖ਼ਬਾਰ ਨੇ 23 ਫਰਵਰੀ ਦੇ ਅੰਕ ਵਿਚ ਇਸ ਸਾਕੇ ਸੰਬੰਧੀ ਵਿਤਤ੍ਰਿਤ ਖ਼ਬਰ "ਨਨਕਾਣਾ ਸਾਹਿਬ ਦੀ ਘਟਨਾ, 195 ਆਦਮੀ ਮਾਰੇ ਗਏ, 5 ਸਹਿਕਦੇ ਬਚੇ" ਸੁਰਖੀ ਹੇਠ ਪ੍ਰਕਾਸ਼ਿਤ ਕੀਤੀ ਅਤੇ ਭਾਈ ਧਿਆਨ ਸਿੰਘ ਦੀ ਧਰਮਸਾਲਾ ਵਿਚ ਨਾਮਧਾਰੀ ਇਕੱਤਰਤਾ ਦੌਰਾਨ ਹੋਏ ਫੈਸਲੇ ਅਨੁਸਾਰ 25 ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚਣ ਦੀ ਜਾਣਕਾਰੀ ਦਿੱਤੀ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਅਖ਼ਬਾਰ ਦੇ 2 ਮਾਰਚ

1921 ਦੇ ਅੰਕ ਵਿਚ "ਸਤਿਜੁਗ" ਵਲੋਂ "ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਸੇਵਾ ਵਿਚ ਭੇਟਾ" ਇਕ ਕਵਿਤਾ ਪ੍ਰਕਾਸ਼ਿਤ ਕੀਤੀ ਗਈ। ਨਿਧਾਨ ਸਿੰਘ 'ਆਲਮ' ਰਚਿਤ ਇਸ ਕਵਿਤਾ ਦੀ ਸੁਰਖ਼ੀ ਸੀ, "ਸੋਹਣੇ ਸੀਸ ਕੀਤੇ ਬਲੀਦਾਨ ਜਿਨ੍ਹਾਂ।" ਪੰਜਾਬ ਵਿਚ 1920 ਤੋਂ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਨ ਵਾਸਤੇ ਅਕਾਲੀ ਲਹਿਰ ਸ਼ੁਰੂ ਹੋਈ ਜੋ ਪੰਜਾਬ ਸਰਕਾਰ ਵੱਲੋਂ 1925 ਵਿਚ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਨਮਾਇੰਦਿਆਂ ਦੇ ਹੱਥ ਦੇਣ ਲਈ ਗੁਰਦੁਆਰਾ ਐਕਟ ਬਣਾਏ ਜਾਣ ਤੱਕ ਜਾਰੀ ਰਹੀ। "ਸਤਿਜੁਗ" ਅਖ਼ਬਾਰ ਨੇ ਅਕਾਲੀ ਲਹਿਰ ਨੂੰ ਮਘਾਈ ਰੱਖਣ ਵਿਚ ਨਿੱਗਰ ਯੋਗਦਾਨ ਪਾਇਆ। ਅਕਾਲੀਆਂ ਵੱਲੋਂ 1922 ਵਿਚ ਲਾਇਆ ਗੁਰੂ ਕੇ ਬਾਗ ਦਾ ਮੋਰਚਾ ਅਤੇ 1923-24 ਵਿਚ ਚੱਲਿਆ ਜੈਤੋ ਦਾ ਮੋਰਚਾ ਇਸ ਲਹਿਰ ਦੀਆਂ ਪ੍ਰਮੁੱਖ ਘਟਨਾਵਾਂ ਹਨ। ਇਹਨਾਂ ਮੋਰਚਿਆਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ "ਸਤਿਜੁਗ" ਨੇ ਨਿਰਸੰਕੋਚ ਆਪਣੇ ਕਾਲਮਾਂ ਵਿਚ ਥਾਂ ਦਿੱਤੀ।

ਇਸ ਦਹਾਕੇ ਦੇ ਅੰਤ ਵਿਚ "ਲਾਹੌਰ ਸਾਜ਼ਿਸ਼ ਮੁਕੱਦਮਾ" ਆਜ਼ਾਦੀ ਦੀ ਲੜਾਈ ਦਾ ਮਹੱਤਵਪੂਰਨ ਪੜਾਅ ਬਣ ਕੇ ਉੱਭਰਿਆ। ਅੰਗਰੇਜ਼ ਸਰਕਾਰ ਵੱਲੋਂ ਇਸ ਮੁਕੱਦਮੇ ਦੀ ਕਾਰਵਾਈ ਨੂੰ ਨਸ਼ਰ ਹੋਣ ਤੋਂ ਰੋਕਣ ਦੀ ਨੀਤੀ ਤੋਂ ਬੇਖੌਫ ਹੋ ਕੇ ਜਿਹੜੇ ਅਖਬਾਰਾਂ ਰਸਾਲਿਆਂ ਨੇ ਇਸ ਮੁਕੱਦਮੇ ਬਾਰੇ ਪਾਠਕਾਂ ਨੂੰ ਲਗਾਤਾਰ ਜਾਣਕਾਰੀ ਦਿੱਤੀ ਉਹਨਾਂ ਵਿਚ "ਸਤਿਜੁਗ" ਦਾ ਨਾਉਂ ਵੀ ਸ਼ਾਮਲ ਹੈ। ਨਾਮਧਾਰੀ ਪੰਥ ਦੀ ਨੀਤੀ ਅਨੁਸਾਰ ਗਾਂਧੀ ਜੀ ਨੂੰ "ਸਤਿਜੁਗ" ਦੀ ਪੂਰਨ ਹਮਾਇਤ ਹਾਸਲ ਸੀ। ਇਥੋਂ ਤੱਕ ਕਿ ਜਦ 1929 ਵਿਚ ਲਾਹੌਰ ਵਿਚ ਹੋਣ ਵਾਲੇ ਕਾਂਗਰਸ ਸੈਸ਼ਨ ਦੀ ਸਿੱਖਾਂ ਦੇ ਇਕ ਵਰਗ ਵੱਲੋਂ ਵਿਰੋਧਤਾ ਕੀਤਾ ਗਈ ਤਾਂ "ਸਤਿਜੁਗ" ਨੇ ਖੁੱਲ੍ਹ ਕੇ ਕਾਂਗਰਸ ਅਧਿਵੇਸ਼ਨ ਦੀ ਸਫ਼ਲਤਾ ਲਈ ਕੰਮ ਕੀਤਾ ਪਰ ਜਦ ਗਾਂਧੀ-ਇਰਵਨ ਸਮਝੌਤੇ ਵਿਚ ਕ੍ਰਾਂਤੀਕਾਰੀ ਨੌਜਵਾਨਾਂ ਦੇ ਬਚਾਉ ਨੂੰ ਉੱਕਾ ਹੀ ਅਣਡਿੱਠ ਕਰ ਦਿੱਤਾ ਗਿਆ ਤਾਂ "ਸਤਿਜੁਗ" ਨੇ ਇਸ ਸਮਝੌਤੇ ਦੀ ਆਲੋਚਨਾ ਕਰਨ ਵਿਚ ਵੀ ਕੋਈ ਕਸਰ ਬਾਕੀ ਨਾ ਛੱਡੀ। "ਸਤਿਜੁਗ" ਦੇ 18 ਮਾਰਚ 1931 ਦੇ ਅੰਕ ਵਿਚ ਲਿਖਿਆ ਗਿਆ, "ਜਿਤਨਾ ਚਿਰ ਸਾਰੇ ਬੰਬਬਾਜ ਅਤੇ ਪਸਤੌਲਬਾਜ ਨਹੀਂ ਛੱਡੇ ਜਾਂਦੇ, ਸੱਚੇ ਅਰਥਾਂ ਵਿੱਚ ਸੁਲ੍ਹਾ ਹੋਣੀ ਅਸੰਭਵ ਹੈ ਕਿਉਂਕਿ ਭਾਰਤੀ ਗੱਭਰੂਆਂ ਦੀ ਬਹੁਸੰਮਤੀ ਓਨਾਂ ਨਾਲ ਹੀ ਹੈ ਜਿਨ੍ਹਾਂ ਨੇ ਦੇਸ ਦੀ ਆਜ਼ਾਦੀ ਦਾ ਸਾਧਨ ਕ੍ਰਾਂਤੀਕਾਰੀ ਢੰਗ ਵਰਤਿਆ ਹੈ।" ਸ. ਭਗਤ ਸਿੰਘ ਦੇ ਹਵਾਲੇ ਨਾਲ ਬਿਲਕੁੱਲ ਸਪੱਸ਼ਟ ਲਿਖਿਆ ਗਿਆ, "ਸਾਡੇ ਵਿਚਾਰ ਵਿਚ ਤਾਂ ਇਕ ਭਾਰਤ ਕੀ ਲੱਖਾਂ ਭਾਰਤ ਸ. ਭਗਤ ਸਿੰਘ ਜੀ ਦੇ ਸਿਰ ਤੋਂ ਕੁਰਬਾਨ ਕਰ ਕੇ ਵੀ ਜੇ ਆਪ ਨੂੰ ਮੌਤ ਦੇ ਪੰਜੇ ਵਿਚੋਂ ਛੁਡਾ ਲਿਆ ਜਾਵੇ ਤਾਂ ਵੀ ਥੋੜ੍ਹਾ ਹੈ। ਸੁਰਾਜ ਮਿਲੇ ਜਾਂ ਨਾ ਮਿਲੇ ਬਸ ਸਾਨੂੰ ਭਗਤ ਸਿੰਘ ਜ਼ਰੂਰ ਮਿਲ ਜਾਵੇ। ਫਿਰ ਸੁਰਾਜ ਆਪੇ ਹੀ ਪ੍ਰਾਪਤ ਹੋ ਜਾਵੇਗਾ।" "ਸਤਿਜੁਗ" ਨੇ ਸ਼ਹੀਦੀ ਤੋਂ ਕੁੱਝ ਦਿਨ ਪਹਿਲਾਂ ਸ. ਭਗਤ ਸਿੰਘ ਵੱਲੋਂ ਗਵਰਨਰ ਪੰਜਾਬ ਨੂੰ ਸੰਬੋਧਿਤ ਪੱਤਰ ਦੇ ਕੁੱਝ ਅੰਸ਼ ਛਾਪੇ। ਸੁਰਖੀ ਸੀ "ਯਾ ਤਾਂ ਸਾਨੂੰ ਛੱਡ ਦਿੱਤਾ ਜਾਇ ਯਾ ਗੋਲੀ ਨਾਲ ਉਡਾ ਦਿਤਾ ਜਾਇ", "ਅਸੀਂ ਜੰਗ ਦੇ ਕੈਦੀ ਹਾਂ ਫਾਂਸੀ ਪਰ ਚੜ੍ਹਾਨਾ ਸਾਡਾ ਅਪਮਾਨ ਹੈ।" ਜਦ ਸਰਕਾਰ ਨੇ ਲੋਕ ਭਾਵਨਾਵਾਂ ਨੂੰ ਅਣਡਿੱਠ ਕਰਦਿਆਂ ਆਪਹੁਦਰੀ ਸੋਚ ਕਾਰਨ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਅਮਲ ਵਿਚ ਲਿਆ ਦਿੱਤੀ ਤਾਂ "ਸਤਿਜੁਗ" ਨੇ ਆਪਣੇ ਆਪ ਨੂੰ ਇਨਸਾਫ਼ ਪਸੰਦ ਦਰਸਾਉਣ ਵਾਲੀ ਅੰਗਰੇਜ਼ ਸਰਕਾਰ ਨੂੰ ਸ਼ੀਸ਼ਾ ਵਿਖਾਉਂਦਿਆਂ ਲਿਖਿਆ, "ਇਕ ਪਾਸੇ ਸੁਲ੍ਹਾ ਦੇ ਐਲਾਨ, ਦੂਜੇ ਪਾਸੇ ਆਜ਼ਾਦੀ ਦੇ ਜਰਨੈਲ ਫਾਂਸੀਆਂ ਦੇ ਤਖਤੇ ਤੇ; ਵਾਹਵਾ! ਦੁਨੀਆਂ ਦਾ ਇਤਿਹਾਸ ਫੋਲ ਦੇਖੋ, ਤਾਰੀਖਾਂ ਦੇ ਪੰਨੇ ਪਲਟ ਦੇਖੋ, ਕਿਤੇ ਵੀ ਆਪ ਨੂੰ ਇਸ ਸਭਿਆ ਕਹਾਣ ਵਾਲੀ ਨੌਕਰਸ਼ਾਹੀ ਦੇ ਜ਼ੁਲਮਾਂ ਦੀ ਮਿਸਾਲ ਭਾਲਿਆਂ ਵੀ ਨਹੀਂ ਲੱਭੇਗੀ।" "ਸਤਿਜੁਗ" ਨੇ ਸ. ਭਗਤ ਸਿੰਘ ਦੇ ਵਾਰਸ ਨੌਜਵਾਨਾਂ ਨੂੰ ਵੰਗਾਰਦਿਆਂ ਲਿਖਿਆ, "ਜੇ ਭਾਰਤੀ ਗਭਰੂਆਂ ਅੰਦਰ ਕੁੱਝ ਅਣਖ ਦਾ ਮਾਦਾ ਹੋਯਾ, ਕੁਝ ਗੈਰਤ ਦੀ ਕਣੀ ਬਾਕੀ ਹੋਈ ਤਾਂ ਉਹ ਕ੍ਰਾਚੀ ਕਾਂਗ੍ਰੈਸ ਵਿਚ ਇਸ ਸੁਲ੍ਹਾ ਨੂੰ ਜੁੱਤੀ ਦੀ ਨੋਕ ਨਾਲ ਠੁਕਰਾ ਕੇ,.... ਮੁੜ ਸ਼ਾਂਤਮਈ ਰਣ ਮੰਡ ਕੇ ਨੌਕਰਸ਼ਾਹੀ ਨੂੰ ਓਸਦੀ ਇਸ ਨੀਚਤਾ ਭਰੀ ਕਰਤੂਤ ਦਾ ਬਦਲਾ ਚੁਕਾ ਦੇਣਗੇ।" "ਸਤਿਜੁਗ" ਦਾ 1 ਅਪ੍ਰੈਲ 1931 ਦਾ ਅੰਕ ਤਾਂ ਇਕ ਤਰ੍ਹਾਂ "ਸ਼ਹੀਦ ਭਗਤ ਸਿੰਘ ਅੰਕ" ਹੀ ਹੋ ਨਿਬੜਿਆ। ਇਸ ਅੰਕ ਦੇ ਪਹਿਲੇ ਪੰਨੇ ਉੱਤੇ ਸੰਤ ਜੱਸਾ ਸਿੰਘ 'ਸੂਫ਼ੀ' ਦੀ ਰਚਨਾ "ਖਾਤਿਰ ਦੇਸ ਦੀ ਹਿੰਦ ਦੁਲਾਰਿਆਂ ਨੇ" ਛਾਪੀ ਗਈ। ਇਸ ਕਵਿਤਾ ਦੀਆਂ ਦੋ ਸਤਰਾਂ ਇਉਂ ਸਨ:

ਮਰੇ ਨਹੀਂ ਉਹ ਤਾਂ ਜ਼ਿੰਦਾ ਹੈਨ ਹਰਦਮ,
ਮਰਕੇ ਜੀਵਨਾ ਦੱਸਿਆ ਪਿਆਰਿਆਂ ਨੇ।
ਤਾਂਹੀਏਂ ਧਰਤ ਅਸਮਾਨ ਗੁੰਜਾ ਦਿੱਤੇ,
ਜ਼ਿੰਦਾਬਾਦ ਦੇ ਮਾਤਮੀ ਨਾਅਰਿਆਂ ਨੇ।

ਇਸ ਅੰਕ ਦੀ ਸੰਪਾਦਕੀ "ਸ. ਭਗਤ ਸਿੰਘ ਜੀ ਜ਼ਿੰਦਾਬਾਦ, ਨੌਕਰਸ਼ਾਹੀ ਮੁਰਦਾਬਾਦ" ਤੋਂ ਬਿਨਾਂ "ਸ੍ਰਦਾਰ ਭਗਤ ਸਿੰਘ ਆਦਿ ਫਾਂਸੀ ਦਿੱਤੇ ਗਏ", "ਸਾਰੇ ਦੇਸ਼ ਵਿਚ ਫਾਂਸੀ ਦੇ ਵਿਰੋਧ ਵਿਚ ਹੜਤਾਲ ਅਤੇ ਸ਼ੋਕ ਸਭਾਵਾਂ", "ਸ਼ਹੀਦਾਂ ਦੀ ਚਿਤਾ ਪਰ ਮੇਲਾ, ਦੀਵਾ ਬੀ ਜਾਲਿਆ ਜਾਂਦਾ ਹੈ", "ਨੌਕਰਸ਼ਾਹੀ ਮਾਂਹ ਦੇ ਆਟੇ ਵਾਂਗ ਆਕੜੀ ਰਹੀ" ਆਦਿ ਸੁਰਖ਼ੀਆਂ ਹੇਠ ਇਸ ਵਿਸ਼ੇ ਨਾਲ ਸੰਬੰਧਿਤ ਸਮੱਗਰੀ

ਪ੍ਰਕਾਸ਼ਿਤ ਕੀਤੀ ਗਈ। ਅਗਲੇ ਅੰਕਾਂ ਵਿਚ ਵੀ ਪਾਠਕਾਂ ਨੂੰ "ਸ. ਭਗਤ ਸਿੰਘ ਦਾ ਸਰਕਾਰੀ ਮ੍ਰਿਤਕ ਸੰਸਕਾਰ", "ਭਗਤ ਸਿੰਘ ਦੇ ਫੁੱਲ ਬੰਬਈ ਵਿਚ", "ਸ. ਭਗਤ ਸਿੰਘ ਦੀ ਤਸਵੀਰ ਕਿ ਹਊਆ?" ਆਦਿ ਸੁਰਖ਼ੀਆਂ ਹੇਠ ਜਾਣਕਾਰੀ ਦਿੱਤੀ ਜਾਂਦੀ ਰਹੀ।

20 ਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਕੁਝ ਪੁਰਾਣੇ ਗਦਰੀਆਂ ਅਤੇ ਸੋਵੀਅਤ ਸੰਘ ਤੋਂ ਸਮਾਜਵਾਦ ਦੀ ਸਿੱਖਿਆ ਲੈ ਕੇ ਦੇਸ਼ ਪਰਤੇ ਕੁਝ ਦੇਸ਼ ਭਗਤਾਂ ਦੀ ਅਗਵਾਈ ਵਿਚ ਕਿਰਤੀ-ਕਿਸਾਨ ਲਹਿਰ ਦਾ ਬੋਲਬਾਲਾ ਸ਼ੁਰੂ ਹੋਇਆ। "ਸਤਿਜੁਗ" ਨੇ ਇਸ ਲਹਿਰ ਦੀ ਸਫ਼ਲਤਾ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਨਾਲ ਜੋੜ ਕੇ ਵੇਖਿਆ ਅਤੇ ਪੂਰੇ ਟਿੱਲ ਨਾਲ ਇਸ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕੀਤਾ। ਪੰਜਾਬ ਵਿਚ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣੀ ਤਾਂ ਜਨਤਾ ਨੂੰ ਆਸ ਸੀ ਕਿ ਕਿਸਾਨੀ ਹਿਤਾਂ ਦੀ ਰਾਖੀ ਕਰਨ ਦੇ ਭਰੋਸੇ ਉੱਤੇ ਵੋਟਾਂ ਲੈ ਕੇ ਗੱਦੀ ਉੱਤੇ ਬੈਠੇ ਹਾਕਮ ਆਪਣੇ ਵਾਅਦਿਆਂ ਦੀ ਪੂਰਤੀ ਕਰਨਗੇ ਪਰ ਹੋਇਆ ਇਸ ਤੋਂ ਉਲਟ। ਸਰਕਾਰ ਨੇ ਲਾਹੌਰ ਦੇ ਇਲਾਕੇ ਵਿਚ ਨਹਿਰੀ ਪਾਣੀ ਦੀ ਉਪਲਬਧੀ ਕਾਰਨ ਪੈਦਾਵਾਰ ਵਿਚ ਹੋਣ ਵਾਲੇ ਵਾਧੇ ਨੂੰ ਆਧਾਰ ਬਣਾਉਂਦਿਆਂ ਜ਼ਮੀਨੇ ਮਾਲੀਏ ਵਿਚ ਚੋਖਾ ਵਾਧਾ ਕਰ ਦਿੱਤਾ। ਕਿਸਾਨ ਸਭਾ ਨੇ ਸਰਕਾਰ ਦੇ ਇਸ ਫੈਸਲੇ ਵਿਰੁੱਧ ਕਿਸਾਨਾਂ ਨੂੰ ਜਥੇਬੰਦ ਕਰ ਕੇ 1939 ਵਿਚ ਮੋਰਚਾ ਲਾਇਆ ਜਿਸ ਨੂੰ ਲਾਹੌਰ ਦਾ ਕਿਸਾਨ ਮੋਰਚਾ ਕਿਹਾ ਜਾਂਦਾ ਹੈ। ਮੋਰਚਾ ਲੰਮਾ ਪੈ ਗਿਆ ਤਾਂ ਸਰਕਾਰ ਨੇ ਇਸ ਨੂੰ ਢਾਹ ਲਾਉਣ ਵਾਸਤੇ ਕਦੇ ਇਸ ਨੂੰ ਵੱਡੇ ਜ਼ਿਮੀਦਾਰਾਂ ਦਾ ਅੰਦੋਲਨ ਆਖ ਕੇ ਅੰਦੋਲਨਕਾਰੀਆਂ ਵਿੱਚ ਫੁੱਟ ਪਾਉਣੀ ਚਾਹੀ ਅਤੇ ਕਦੇ ਵਾਢੀ ਕਾਰਨ ਕਿਸਾਨਾਂ ਵੱਲੋਂ ਮੋਰਚੇ ਨੂੰ ਪਿੱਠ ਦੇਣ ਦੀ ਅਫਵਾਹ ਫੈਲਾਈ। "ਸਤਿਜੁਗ" ਨੇ ਬੜੀ ਦ੍ਰਿੜਤਾ ਨਾਲ ਪਾਠਕਾਂ ਨੂੰ ਸਰਕਾਰ ਦੀ ਅਜਿਹੀ ਚਾਲ ਵਿਚ ਫਸਣ ਤੋਂ ਬਚਣ ਵਾਸਤੇ ਪ੍ਰਚਾਰ ਕੀਤਾ। 15 ਜੂਨ 1939 ਦੇ ਅੰਕ ਵਿਚ ਲਿਖਿਆ, "ਲਾਹੌਰ ਦਾ ਕਿਸਾਨ ਸਤਯਗ੍ਰਹ ਮੋਰਚਾ ਓਸੇ ਸ਼ਾਨ ਨਾਲ ਚੱਲ ਰਿਹਾ ਹੈ। ਵਾਢੀਆਂ ਦੇ ਹੁੰਦਿਆਂ ਭੀ ਕਿਸਾਨ ਧੜਾ ਧੜ ਗਿਰਫਤਾਰ ਹੋ ਰਹੇ ਹਨ। ਦੂਸਰੇ ਜ਼ਿਲਿਆਂ ਤੋਂ ਭੀ ਚਲੇ ਆ ਰਹੇ ਹਨ।..... ਪੰਜਾਬ ਦੇ ਕਿਸਾਨਾਂ ਨੇ ਲਾਹੌਰ ਦੇ ਮੋਰਚੇ ਉਤੇ ਸਿਰ ਧੜ ਦੀ ਬਾਜੀ ਲਾ ਦਿੱਤੀ ਹੈ।" "ਸਤਿਜੁਗ" ਵਿਚ ਲਾਹੌਰ ਕਿਸਾਨ ਮੋਰਚੇ ਦੇ ਵੇਰਵੇ ਹੈਰਾਨੀ ਦੀ ਹੱਦ ਤੱਕ ਵਰਤਮਾਨ ਦਿੱਲੀ ਮੋਰਚੇ ਨਾਲ ਮੇਲ ਖਾਂਦੇ ਹਨ। ਜਾਪਦਾ ਹੈ, ਸਰਕਾਰਾਂ ਕੋਲ ਅਜਿਹੇ ਲੋਕ ਅੰਦੋਲਨਾਂ ਨਾਲ ਨਜਿੱਠਣ ਦੇ 'ਪੱਕੇ' ਨੁਸਖੇ ਹਨ ਜਿਨ੍ਹਾਂ ਨੂੰ ਉਦੋਂ ਦੀ ਯੂਨੀਅਨਿਸਟ ਸਰਕਾਰ ਨੇ ਵਰਤਿਆ ਅਤੇ ਹੁਣ ਭਾਜਪਾ ਸਰਕਾਰ ਵਰਤ ਰਹੀ ਹੈ। 'ਸਤਿਜੁਗ' ਦੇ ਇਸੇ ਅੰਕ ਵਿਚ ਲਿਖਿਆ ਹੈ, "ਇਸ ਮੋਰਚੇ ਨੂੰ ਅਸਫ਼ਲ ਬਨਾਣ ਲਈ ਹੁਣ ਹਕੂਮਤ ਭੀ ਪ੍ਰਾਪੇਗੰਡੇ ਤੋਂ ਕੰਮ ਲੈਣ ਲੱਗ ਪਈ ਹੈ। ... ਹਕੂਮਤ ਦੀ ਤਰਫ਼ੋਂ ਕਿਹਾ ਗਿਆ ਹੈ ਕਿ ਇਸ ਮੋਰਚੇ ਲਈ ਕੋਈ ਖ਼ਾਸ ਸ਼ਿਕੈਤ ਤਾਂ ਹੈ ਨਹੀਂ ਸਿਰਫ਼ ਹਕੂਮਤ ਵਿਰੁੱਧ ਰੌਲਾ ਪਾਉਣ ਵਾਸਤੇ ਇਹ ਮੋਰਚਾ ਜਾਰੀ ਰੱਖਿਆ ਹੈ।" ਤਤਕਾਲੀਨ ਸਰਕਾਰ ਵਾਂਗ ਹੁਣ ਵੀ ਸਰਕਾਰ ਦਾ ਕਹਿਣਾ ਹੈ ਕਿ ਕਿਸਾਨ ਸਿਆਸੀ ਲੋਕਾਂ ਦੇ ਸ਼ਬਦ ਜਾਲ ਵਿਚ ਫਸ ਕੇ ਮੋਰਚਾ ਚਲਾ ਰਹੇ ਹਨ। ਇਸ ਦੋਸ਼ ਦਾ "ਸਤਿਜੁਗ" ਵੱਲੋਂ ਦਿੱਤਾ ਉੱਤਰ ਜੋ ਵਰਤਮਾਨ ਪ੍ਰਸੰਗ ਵਿਚ ਵੀ ਢੁੱਕਵਾਂ ਹੈ, ਇਉਂ ਸੀ, "ਕਿਸੇ ਨੇ ਬਹਕਾਯਾ ਵੀ ਹੋਵੇ ਤਦ ਭੀ ਏਹ ਤਾਂ ਮੰਨਣਾ ਹੀ ਪਵੇਗਾ ਕਿ ਜੋ ਕਿਸਾਨ ਆਪਣੀਆਂ ਜਾਨਾਂ ਹਥੇਲੀ ਉਤੇ ਰੱਖ ਕੇ ਇਸ ਮੋਰਚੇ ਵਿਚ ਕੁਰਬਾਨੀਆਂ ਕਰ ਰਹੇ ਹਨ ਓਹ ਸਾਰੇ ਹੀ ਸਰਕਾਰੀ ਐਲਾਨ ਅਨੁਸਾਰ ਕਮਲੇ ਅਤੇ ਲਾਈਲੱਗ ਨਹੀਂ। ਮੰਨ ਲਓ ਕਿਸਾਨ ਭੋਲੇ ਹੀ ਹਨ ਪਰ ਓਹਨਾਂ ਲੋਕਾਂ ਦੇ ਪਿੱਛੇ ਕਿਉਂ ਲੱਗ ਗਏ ਜਿਨ੍ਹਾਂ ਤੋਂ ਕਿਸੇ ਮਾਲੀ ਲਾਭ ਦੀ ਆਸ ਨਹੀਂ ਹੋ ਸਕਦੀ ਅਤੇ ਹਕੂਮਤ ਦੇ ਲਾਈਲਗ ਕਿਉਂ ਨਾ ਬਣ ਗਏ ਜਿਸ ਦੇ ਹੱਥ ਵਿਚ ਸਾਰੇ ਅਖਤਿਆਰ ਹਨ?"

ਪੰਜਾਬ ਵਿਚ ਸੁਤੰਤਰਤਾ ਅੰਦੋਲਨ ਦੌਰਾਨ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਨੂੰ ਸੰਭਾਲਣ ਦੇ ਨਾਲ "ਸਤਿਜੁਗ" ਨੇ ਸਤੰਬਰ 1927 ਵਿਚ ਅੰਮ੍ਰਿਤਸਰ ਵਿਚ ਊਧਮ ਸਿੰਘ ਦੀ ਗ੍ਰਿਫਤਾਰੀ, ਅਪ੍ਰੈਲ 1937 ਵਿਚ ਸੁਭਾਸ਼ ਚੰਦ੍ਰ ਬੋਸ ਦੇ ਲਾਹੌਰ ਆਗਮਨ ਸਮੇਂ ਸਵਾਗਤ, ਸਤੰਬਰ 1937 ਵਿਚ ਲਾਲਾ ਹਰਦਿਆਲ ਦੀ ਦੇਸ਼ ਵਾਪਸੀ ਦੇ ਯਤਨ ਆਦਿ ਕੁਝ ਅਜਿਹੀਆਂ ਇਤਿਹਾਸਿਕ ਘਟਨਾਵਾਂ ਨੂੰ ਵੀ ਸੰਭਾਲਿਆ ਹੈ ਜਿਨ੍ਹਾਂ ਬਾਰੇ ਘੱਟ ਹੀ ਲਿਖਿਆ ਮਿਲਦਾ ਹੈ।

"ਸਤਿਜੁਗ" ਦੇ ਪਹਿਲੇ ਅੰਕ ਵਿਚ ਅਖ਼ਬਾਰ ਸ਼ੁਰੂ ਕਰਨ ਪਿਛਲੇ ਮਨੋਰਥ ਦੱਸਦਿਆਂ ਸੰਪਾਦਕ ਨੇ ਲਿਖਿਆ ਸੀ ਕਿ ਅਖ਼ਬਾਰ "ਸਰਕਾਰੀ ਹਾਕਮਾਂ ਨੂੰ ਅਯੋਗ ਕੰਮਾਂ ਤੋਂ ਟੋਕੇਗਾ ਅਤੇ ਬੇਅਦਲੀ ਨੂੰ ਰੋਕਣ ਦਾ ਸਿਰੋਂ ਪਰੇ ਜਤਨ ਕਰੇਗਾ।" "ਸਤਿਜੁਗ" ਵੱਲੋਂ ਦੇਸ਼ ਦੀ ਆਜ਼ਾਦੀ ਲਈ ਚੱਲ ਰਹੇ ਸੰਘਰਸ਼ ਵਿਚ ਪਾਏ ਯੋਗਦਾਨ ਬਾਰੇ ਉਪਰੋਕਤ ਵੇਰਵੇ ਪੜ੍ਹ ਕੇ ਹਰ ਪਾਠਕ ਸਹਿਮਤ ਹੋਵੇਗਾ ਕਿ "ਸਤਿਜੁਗ" ਨੇ ਆਪਣੇ ਕਥਨ ਉੱਤੇ ਸ਼ਤਿ ਪ੍ਰਤੀਸ਼ਤ ਪਹਿਰਾ ਦਿੱਤਾ। ਤਸੱਲੀ ਵਾਲੀ ਗੱਲ ਹੈ ਕਿ "ਸਤਿਜੁਗ" ਵੱਲੋਂ ਸ਼ਤਾਬਦੀ ਵਰ੍ਹਾ ਪਾਰ ਕਰਨ ਦੀ ਖੁਸ਼ੀ ਵਿਚ ਇਸ ਦੇ ਸੰਚਾਲਕ 'ਨਾਮਧਾਰੀ ਦਰਬਾਰ, ਭੈਣੀ ਸਾਹਿਬ' ਵੱਲੋਂ ਅਖ਼ਬਾਰ ਦੇ ਸਾਰੇ ਪੁਰਾਣੇ ਅੰਕਾਂ ਨੂੰ ਡਿਜੀਟਾਈਜ਼ ਕਰਵਾ ਕੇ ਪਾਠਕਾਂ ਨੂੰ ਨੈੱਟ ਉੱਤੇ ਉਪਲਭਦ ਕਰਵਾਉਣ ਦੇ ਯਤਨ ਚੱਲ ਰਹੇ ਹਨ।

........................................................................

# ਮਲੇਰਕੋਟਲੇ ਦੇ ਸ਼ਹੀਦਾਂ ਬਾਰੇ ਦੁਬਿਧਾ-ਕਿਉਂ?

**ਸੁਵਰਨ ਸਿੰਘ ਵਿਰਕ**
**99963-71716**

19 ਜੂਨ ਦੇ 'ਪੰਜਾਬੀ ਟ੍ਰਿਬਿਊਨ' ਦੇ ਅੰਕ ਵਿੱਚ ਡਾ. ਹਰਪਾਲ ਸਿੰਘ ਪੰਨੂ ਦਾ ਖ਼ਤ, "ਸ਼ਾਂਤਮਈ ਮਿਸ਼ਨ ਅਤੇ ਕੂਕੇ" ਸਿਰਲੇਖ ਹੇਠ ਛਪਿਆ। ਇਸ ਵਿੱਚ ਉਹ ਲਿਖਦੇ ਹਨ ਕਿ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਦਾ ਮਿਸ਼ਨ ਐਲਾਨੀਆਂ ਸ਼ਾਂਤਮਈ ਸੀ। ਉਹਨਾਂ ਮੁਤਾਬਿਕ ਜਦੋਂ ਉਹਨਾਂ ਦੇ ਗੁਰੂ ਜੀ ਨੇ ਕੂਕਿਆਂ ਨੂੰ ਬੁੱਚੜ ਬੱਧ ਤੋਂ ਵਰਜਿਆ ਸੀ ਤਾਂ ਫਿਰ ਉਹਨਾਂ ਦਾ ਹੁਕਮ ਉਲੰਘ ਕੇ ਇਹ ਸਭ ਕਰਨ ਵਾਲੇ "ਸਤਿਕਾਰਿਤ ਸ਼ਹੀਦ" ਕਿਵੇਂ ਹੋਏ? ਡਾ. ਸਾਹਿਬ ਚਾਹੁੰਦੇ ਹਨ ਕਿ ਉਨ੍ਹਾਂ ਦੀ ਇਹ ਦੁਬਿਧਾ ਦੂਰ ਕੀਤੀ ਜਾਵੇ।

ਇਹ ਠੀਕ ਹੈ ਕਿ ਸਤਿਗੁਰੂ ਰਾਮ ਸਿੰਘ ਅਜੇ ਪੰਜਾਬ ਵਿੱਚ ਅੰਗਰੇਜ਼ ਸਰਕਾਰ ਖਿਲਾਫ਼ ਵਿਆਪਕ ਜਨ ਲਾਮਬੰਦੀ ਨਾ ਹੋਣ ਕਾਰਨ ਕੋਈ ਐਸੀ ਕਾਰਵਾਈ ਨਹੀਂ ਸਨ ਚਾਹੁੰਦੇ, ਜਿਸ ਨਾਲ ਸਭ ਤਿਆਰੀਆਂ ਅਧਵਾਟੇ ਰਹਿ ਜਾਣ। ਅੰਦਰ-ਖਾਤੇ ਉਹ ਦੇਸੀ ਵਿਦੇਸ਼ੀ ਹਾਕਮਾਂ ਨਾਲ ਕੂਟਨੀਤਿਕ ਸੰਬੰਧ ਬਣਾ ਰਹੇ ਸਨ ਤਾਂ ਜੁ ਸਮਾਂ ਆਉਣ 'ਤੇ ਵੱਡੀ ਕਾਰਵਾਈ ਕੀਤੀ ਜਾਵੇ। ਕੂਕਿਆਂ ਦੇ ਰੂਸ, ਨਿਪਾਲ, ਅਫਗਾਨਿਸਤਾਨ ਅਤੇ ਕਸ਼ਮੀਰ, ਭੂਟਾਨ ਆਦਿ ਮਿਸ਼ਨ ਇਸ ਦੀ ਗਵਾਹੀ ਦਿੰਦੇ ਹਨ। ਬੁੱਚੜ ਬੱਧ ਸਾਕਾ 1871 ਦੀ 14-15 ਜੂਨ ਦੀ ਅੱਧੀ ਰਾਤ ਨੂੰ ਅੰਮ੍ਰਿਤਸਰ ਵਿਖੇ ਅਤੇ ਇੱਕ ਮਹੀਨਾ ਬਾਅਦ ਰਾਇਕੋਟ (ਲੁਧਿਆਣਾ) ਵੀ ਵਾਪਰਿਆ। ਰਾਇਕੋਟ ਦੇ ਸਾਕੇ ਦੀ ਪੜਤਾਲ ਵਿੱਚ 28 ਜੁਲਾਈ 1871 ਨੂੰ ਗੁਰੂ ਰਾਮ ਸਿੰਘ, ਬੱਸੀਆਂ ਕੋਠੀ (ਲੁਧਿਆਣਾ) ਕਮਿਸ਼ਨਰ ਮੈਕਨਬ ਦੇ ਬੁਲਾਵੇ 'ਤੇ ਆਏ। ਇੱਥੇ ਇੱਕ ਗੁਲਾਬ ਸਿੰਘ, ਜੋ ਰਾਇਕੋਟ ਕੇਸ ਵਿੱਚ ਮੌਤ ਦੀ ਸਜ਼ਾ ਪਾ ਚੁੱਕਾ ਸੀ, ਫਿਰ ਸਜ਼ਾ ਮਾਫ ਕਰਕੇ ਉਸਨੂੰ ਵਾਅਦਾ ਮੁਆਫ਼ੀ ਇਸ ਸ਼ਰਤ 'ਤੇ ਮਿਲੀ ਕਿ ਉਹ ਕਹੇ ਕਿ ਸਾਨੂੰ ਬੁੱਚੜ ਵੱਢਣ ਲਈ ਗੁਰੂ ਰਾਮ ਸਿੰਘ ਜੀ ਨੇ ਤੋਰਿਆ ਹੈ। ਉਹਦੇ ਇਸ ਝੂਠ ਦਾ ਪਰਦਾ ਫਾਸ਼ ਕਮਿਸ਼ਨਰ ਸਾਹਮਣੇ ਗੁਰੂ ਜੀ ਨੇ ਕਰ ਦਿੱਤਾ। ਅੰਮ੍ਰਿਤਸਰ, ਰਾਇਕੋਟ ਵਾਲੇ ਹਮਲਾਵਰ ਕੂਕੇ ਦੋਹਾਂ ਥਾਂਵਾਂ 'ਤੇ ਉਸੇ ਸਾਲ ਫਾਂਸੀ ਦਿੱਤੇ ਗਏ ਅਤੇ ਦੋ, ਸੂਬਾ ਰਤਨ ਸਿੰਘ ਉਰਫ ਗਿਆਨ ਸਿੰਘ ਅਤੇ ਨਾਇਬ ਸੂਬਾ ਰਤਨ ਸਿੰਘ ਨਾਈ ਵਾਲਾ 26 ਨਵੰਬਰ ਇਸੇ ਸਾਲ ਰਾਇਕੋਟ ਕੇਸ ਦੀ ਜ਼ੱਦ ਵਿੱਚ ਲਿਆ ਕੇ, ਲੁਧਿਆਣੇ ਫਾਂਸੀਆਂ 'ਤੇ ਟੰਗ ਦਿੱਤੇ। ਨਾਮਧਾਰੀ ਇਹਨਾਂ ਦੋਹਾਂ ਨੂੰ ਬੇਦੋਸ਼ ਸਮਝਦੇ ਸਨ। ਗਿਆਨੀ ਰਤਨ ਸਿੰਘ ਵਿੱਦਵਾਨ ਸੱਜਣ ਅਤੇ ਮਾਲਵੇ ਦਾ ਗੁਰੂ ਜੀ ਵਲੋਂ ਥਾਪਿਆ, ਅਦਾਲਤੀ ਸੂਬਾ ਸੀ। ਇਹਨਾਂ ਦੋਹਾਂ ਦੀ ਫਾਂਸੀ ਕੂਕੇ 'ਅਦਾਲਤੀ ਕਤਲ' ਹੀ ਸਮਝਦੇ ਸਨ। ਇੱਕ ਤਾਂ ਇਹ ਗੁੱਸਾ ਸੀ, ਦੂਜਾ ਗੁਰੂ ਰਾਮ ਸਿੰਘ ਨੂੰ ਵੀ ਅਖੀਰ ਦਸੰਬਰ 1871 ਵਿੱਚ ਸ੍ਰੀ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਮਲੇਰਕੋਟਲੇ ਦੇ ਅਹਿਲਕਾਰ ਦੀ, ਭਾਈ ਹੀਰਾ ਸਿੰਘ ਸਕਰੌਦੀ ਨਾਲ ਤਕਰਾਰ ਅਤੇ ਉਸ ਦੀ ਬੇਅਦਬੀ ਕਰਨੀ ਅਤੇ ਗੁਰਮੁਖ ਸਿੰਘ ਫਰਵਾਹੀ ਦੇ ਸਾਹਮਣੇ, ਮਾਮੂਲੀ ਝਗੜੇ ਬਾਅਦ ਅਦਾਲਤੀਆਂ ਵਲੋਂ ਇੱਕ ਬੁੱਢੇ ਬੈਲ ਨੂੰ ਜ਼ਿਬਾਹ ਕਰਨਾ, ਇਹ ਘਟਨਾਵਾਂ ਇਸ ਸਾਕੇ ਦੀ ਪਿੱਠ-ਭੂਮੀ ਵਿੱਚ ਕਾਰਜਸ਼ੀਲ ਸਨ। ਇਸ ਲਈ ਜਥੇਦਾਰ ਹੀਰਾ ਸਿੰਘ, ਲਹਿਣਾ ਸਿੰਘ ਦੇ ਕੂਕਾ-ਮਸਤਾਨਾ ਦਲ ਨੇ ਹੁਣ ਫਰੰਗੀ ਸਰਕਾਰ ਨਾਲ ਦੋ-ਦੋ ਹੱਥ ਕਰਨ ਲਈ, ਆਪਣੇ ਸੰਭਾਵਿਤ ਨਿਸ਼ਾਨੇ ਵਜੋਂ, ਅੰਗਰੇਜ਼ ਆਸਰੇ ਚੱਲਦੀ ਇਸ ਛੋਟੀ ਰਿਆਸਤ ਦਾ ਇਹ ਸ਼ਹਿਰ ਚੁਣਿਆ ਸੀ।

ਕਿਉਂਕਿ ਸਰਕਾਰੀ ਬੰਦਿਸ਼ਾਂ ਕਾਰਨ ਹਰ ਸਾਲ ਦੀ ਤਰ੍ਹਾਂ ਜਨਵਰੀ 1872 ਵਿੱਚ, ਗੁਰੂ ਰਾਮ ਸਿੰਘ ਜੀ ਮਾਘੀ ਮੇਲੇ 'ਤੇ ਮੁਕਤਸਰ ਸਾਹਿਬ ਨਹੀਂ ਜਾ ਸਕਦੇ ਸਨ, ਇਸ ਲਈ ਮੇਲਾ ਭੈਣੀ ਸਾਹਿਬ ਵਿਖੇ ਹੀ ਮਨਾਇਆ ਗਿਆ। ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸੇ ਮੇਲੇ ਦੀ ਸਮਾਪਤੀ ਤੇ ਮਾਘੀ ਵਾਲੇ ਦਿਨ, ਗੁਰੂ ਰਾਮ ਸਿੰਘ ਦੇ ਮਹਿਲ ਮਾਤਾ ਜੱਸਾਂ ਅਤੇ ਬੁੱਚੜ ਬੱਧ ਸਾਕਿਆਂ ਵਿੱਚ ਹੁਣ ਤੱਕ ਸ਼ਹੀਦ ਹੋ ਚੁੱਕੇ ਨੌਂ ਨਾਮਧਾਰੀ ਸਿੰਘਾਂ ਨਮਿੱਤ ਵੀ ਪਾਠਾਂ ਦੇ ਭੋਗ ਪਾਏ ਗਏ ਸਨ। ਦੂਰ ਨੇੜੇ ਤੋਂ ਆਏ ਕੋਈ ਦੋ ਕੁ ਹਜ਼ਾਰ ਲੋਕਾਂ ਦਾ ਇਹ ਇਕੱਠ ਸੀ। ਐਤਕੀਂ ਲੋਹੜੀ 11 ਜਨਵਰੀ ਨੂੰ ਅਤੇ ਮਾਘੀ 12 ਜਨਵਰੀ ਨੂੰ ਸੀ, ਸੋ ਮਾਘੀ ਦੇ ਦਿਨ ਭੋਗਾਂ ਤੋਂ ਬਾਅਦ ਦੁਪਹਿਰ ਤੱਕ ਆਮ ਸੰਗਤਾਂ ਨੇ ਵਾਪਸੀ ਕਰ ਲਈ। 13 ਜਨਵਰੀ ਸਵੇਰ ਤੋਂ ਬਾਅਦ ਹੀ ਮਸਤਾਨਿਆਂ ਦਾ ਜਥਾ ਆਪਣੇ ਕੋਟਲੇ 'ਤੇ ਧਾਵੇ ਦੇ ਇਰਾਦੇ ਪ੍ਰਗਟ ਕਰਨ ਲੱਗਾ।

ਇਸ 'ਤੇ ਗੁਰੂ ਰਾਮ ਸਿੰਘ ਜੀ ਨੇ ਪਹਿਲੋਂ ਸੂਬਾ ਲੱਖਾ ਸਿੰਘ ਸਮੇਤ ਕੁਝ ਮੁਖੀ ਸੂਬਿਆਂ ਨੂੰ ਮਸਤਾਨਾ ਦਲ ਪਾਸ ਭੇਜਿਆ ਕਿ ਤੁਸੀਂ ਮਾਰਾ-ਬਕਾਰਾ ਨਾ ਕਰੋ। ਗੁਰੂ ਰਾਮ ਸਿੰਘ ਜੀ ਨੇ ਇਹ ਵੀ ਕਿਹਾ ਕਿ ਇੱਕ ਸਾਲ ਹੋਰ ਰੁਕ ਜਾਓ, ਜਿਹੜਾ

ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ, ਮਾਲਾ ਨਾਲ ਕਰ ਲਵਾਂਗੇ ਭਾਵ ਕਿ ਇਤਨੇ ਸਮੇਂ ਵਿੱਚ ਸੰਗਠਨ ਦਾ ਵਿਸਥਾਰ ਅਤੇ ਵਿਆਪਕ ਲਾਮਬੰਦੀ ਹੋ ਜਾਏਗੀ। ਇਹ ਵੀ ਕਿਹਾ ਗਿਆ ਕਿ ਅਜੇ ਪਨੀਰੀ ਛੋਟੀ ਹੈ। ਪਰ ਮਸਤਾਨਾ ਦਲ ਵਾਪਸੀ ਦੇ ਰਉਂ ਵਿੱਚ ਨਹੀਂ ਸੀ। ਇਸ ਮੌਕੇ ’ਤੇ ਹਾਜ਼ਰ ਪੁਲੀਸ ਇੰਸਪੈਕਟਰ ਨੂੰ ਵੀ ਗੁਰੂ ਜੀ ਨੇ ਕਿਹਾ ਕਿ ਇਹ ਤੇਰਾਂ ਸਿੰਘ ਆਪਣੀ ਮੌਜ ਦੇ ਮਾਲਕ ਹਨ, ਇਹਨਾਂ ਦਾ ਧਿਆਨ ਕਰੋ।

ਪਰ ਮਸਤਾਨੇ ਟੱਸ ਤੋਂ ਮੱਸ ਨਹੀਂ ਹੋ ਰਹੇ ਸਨ। ਭਾਈ ਸੰਤੋਖ ਸਿੰਘ ਬਾਹੋਵਾਲ ਸਮਕਾਲੀ ਘਟਨਾਵਾਂ ਦੇ ਸਫ਼ਲ ਚਿਤੇਰੇ ਹਨ, ਜਿਨ੍ਹਾਂ ਨੇ ਵੱਡਾ ਗ੍ਰੰਥ 'ਸਤਿਗੁਰੂ ਬਿਲਾਸ' ਵਾਰਤਕ ਵਿੱਚ ਲਿਖਿਆ। ਉਹ ਲਿਖਦੇ ਹਨ ਕਿ ਸੂਬੇ ਲੱਖਾ ਸਿੰਘ, ਸਾਹਿਬ ਸਿੰਘ ਆਦਿ ਦੇ ਸਮਝਾਉਣ ’ਤੇ ਵੀ ਮਸਤਾਨੇ ਸਿੰਘ ਫੈਸਲੇ ’ਤੇ ਡਟੇ ਰਹੇ ਤਾਂ– “ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਚਲੋ ਅਸੀਂ, ਹਟਾਇ ਆਉਂਦੇ ਹਾਂ। ਅਕਾਲ ਬੁੰਗੇ (ਜਿੱਥੇ ਮਸਤਾਨਾ ਦਲ ਦਾ ਡੇਰਾ ਸੀ) ਆਪ ਆਇ ਕੇ ਬਚਨ ਕੀਤਾ, ਉਧਰੋਂ ਫਰੰਗੀ ਜ਼ੋਰਾਵਰ ਹੈ, ਏਧਰੋਂ ਖ਼ਾਲਸਾ ਜ਼ੋਰਾਵਰ ਹੈ। ਮੈਂ ਗਰੀਬ ਬਿਚਾਲੇ ਆਇ ਗਿਆ ਹਾਂ...... ਤੁਹਾਨੂੰ ਕੌਣ ਹੁਕਮ ਦੇਂਦਾ ਹੈ..... ਹੀਰਾ ਸਿੰਘ ਜੀ ਨੇ ਕਿਹਾ, ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇਂਦੇ ਹੈਂ, ਦ੍ਰਿਸ਼ਟਾਨ ਮੇਂ ਬਚਨ ਕਰਦੇ ਹੈਂ.....ਹੁਣ ਤਾਂ ਸੀਸ ਲੱਗਣਗੇ, ਜੇ ਅਸੀਂ ਠਹਿਰੀਏ ਤਾਂ ਅਸੀਂ ਝੂਠੇ ਹੁੰਦੇ ਹਾਂ.....ਗੁਰੂ ਤੇਗ ਬਹਾਦਰ ਜੀ ਕਾ ਹੁਕਮ ਹੈ, ਤੁਹਾਡੇ ਸੀਸ ਲੱਗਾਣੇ ਹੈਂ..... ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਗੁਰੂ ਤੇਗ ਬਹਾਦਰ ਜੀ ਕਾ ਹੁਕਮ ਹੈ, ਅਸੀਂ ਭੀ ਨਹੀਂ ਮੋੜ ਸੱਕਦੇ ਹਾਂ, ਫਰੰਗੀ ਕੀ ਤਾਂ ਝੱਲ ਲਵਾਂਗੇ ਤੇ ਅਕਾਲ ਪੁਰਖ ਕੀ ਨਹੀਂ ਝੱਲ ਹੁੰਦੀ।” ਸ਼ਹੀਦੀ ਜਥੇ ਵਾਲਿਆਂ ਨੇ ਦੱਸਿਆ ਕਿ ਸੁਪਨੇ ਵਿੱਚ ਗੁਰੂ ਤੇਗ ਬਹਾਦਰ ਉਹਨਾਂ ਨੂੰ ਕਹਿੰਦੇ ਹਨ ਕਿ ਅੱਗੇ ਦੋ ਵੇਰ (ਅੰਮ੍ਰਿਤਸਰ ਅਤੇ ਰਾਇਕੋਟ) ਤੁਹਾਡੇ ਸਿੰਘਾਂ ਦੇ ਸੀਸ ਲੱਗੇ ਹਨ, ਹੁਣ ਤੀਜੀ ਵਾਰੀ ਤੁਹਾਡੀ ਹੈ। ਗੁਰੂ ਰਾਮ ਸਿੰਘ ਜੀ ਨੇ ਗੁਰੂ ਤੇਗ ਬਹਾਦੁਰ ਜੀ ਦੇ ਹੁਕਮ ਨੂੰ ਅਕਾਲ ਪੁਰਖ ਦਾ ਹੁਕਮ ਮੰਨ ਕੇ, ਸਿਰ ਨਿਵਾਇਆ ਸੀ ਅਤੇ ਮਸਤਾਨੇ ਸਿੰਘਾਂ ਨੂੰ ਹੁਕਮ ਮੁਕਤ ਕਰਕੇ, ਅਗਲੀ ਕਾਰਵਾਈ ਦੀ ਆਗਿਆ ਦੇ ਦਿੱਤੀ ਸੀ।

ਇਸ ਤੋਂ ਬਾਅਦ ਸਤਿਗੁਰੂ ਜੀ ਨੇ ਉਚੇਚਾ ਹੁਕਮ ਕਰਕੇ ਲੰਗਰ ਵਿੱਚ ਦੁਬਾਰਾ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ। 13 ਜਨਵਰੀ ਦੀ ਦੁਪਹਿਰ ਨੂੰ ਪੰਗਤਾਂ ਲੁਆ ਕੇ ਆਪ ਜੀ ਨੇ ਆਪ ਆਪਣੇ ਪਿਆਰੇ ਸਿੰਘਾਂ ਨੂੰ ਪਰਸ਼ਾਦ ਪਾਣੀ ਛਕਾਇਆ। ਇਸ ਸਮੇਂ ਸੂਬੇ (ਲੱਖਾ ਸਿੰਘ) ਨੂੰ ਬਚਨ ਕੀਤਾ– “ਲੱਖਾ ਸਿੰਘ..... ਕਹਿਰ ਦਾ ਪ੍ਰਸਾਦ ਹੈ, ਫੇਰ ਨਹੀਂ ਏਹਨਾਂ ਏਥੇ ਛਕਣਾ।”

ਹੁਣ ਜਦੋਂ ਜਥਾ ਤੁਰਨ ਲੱਗਦਾ ਹੈ ਤਾਂ ਭਾਈ ਹੀਰਾ ਸਿੰਘ ਪੁੱਛਦਾ ਹੈ, “ਪਾਤਸ਼ਾਹ! ਪਹਿਲਾ ਪੜਾ ਕਿੱਥੇ ਕੀਤਾ ਜਾਵੇ? ਸਤਿਗੁਰੂ ਜੀ ਨੇ ਕਿਹਾ, “ਹੈ ਭੀ ਰੱਬ ਹੋਸੀ ਭੀ ਰੱਬ”, ਇਸ ਦਾ ਅਰਥ ਮਸਤਾਨਿਆਂ ਨੇ ਰੱਬੋਂ ਪਿੰਡ ਸਮਝਿਆ। ਰੱਬੋਂ ਭਾਈ ਵੀਰ ਸਿੰਘ ਨੌਰੰਗਾਬਾਦੀਏ ਦੇ ਚੇਲੇ ਅਤੇ ਅਧਿਆਤਮਿਕ ਵਾਰਿਸ, ਭਾਈ ਮਹਾਰਾਜ ਸਿੰਘ ਜੀ ਦਾ ਪਿੰਡ ਸੀ, ਜੋ 1856 ਈ. ਵਿੱਚ ਨਜ਼ਰਬੰਦੀ ਸਮੇਂ ਸਿੰਘਾਪੁਰ ਜੇਲ੍ਹ ਵਿੱਚ ਸ਼ਹੀਦ ਹੋ ਗਏ ਸਨ। ਸਤਿਗੁਰੂ ਜੀ ਮਸਤਾਨਿਆਂ ਨੂੰ ਰੱਬੋਂ ਰੁਕਣ ਦਾ ਸੰਕੇਤ ਦੇ ਕੇ, ਉਸ ਲੋਕ ਸੰਗਰਾਮੀਏ ਨਾਲ ਕੂਕਾ ਸੰਗਰਾਮ ਦੀ ਸਾਂਝ ਹੀ ਤਾਂ ਪਾ ਰਹੇ ਸਨ। ਪਹਿਲੇ ਦਿਨ ਭਾਵ 13 ਜਨਵਰੀ ਦੀ ਅੱਧੀ ਰਾਤ ਮਸਤਾਨੇ ਰੱਬੋਂ ਪਿੰਡ ਦੇ ਇੱਕ ਕੂਕੇ ਦੇ ਖੂਹ ’ਤੇ ਰੁਕੇ। ਇਸ ਪਿੰਡ ਦੇ ਭਾਈ ਮਹਾਰਾਜ ਸਿੰਘ ਦੇ ਇੱਕ ਭਤੀਜੇ ਸੋਭਾ ਸਿੰਘ ਸਮੇਤ ਪੰਜ ਕੂਕੇ, ਮਲੇਰਕੋਟਲੇ ਸ਼ਹੀਦ ਹੋਏ ਸਨ। 14 ਜਨਵਰੀ ਦੀ ਸ਼ਾਮ ਬਚਨ ਸਿੰਘ ਮਲੌਦ ਦੇ ਸਿੱਧੂ ਸਰਦਾਰ ਨਾਲ ਹਥਿਆਰ ਘੋੜੇ ਆਦਿ ਲੈਣ ਦੇ ਸੁਆਲ ਤੇ ਝੜਪ ਹੋਈ। ਦੋ ਆਦਮੀ ਸਰਦਾਰ ਦੇ ਅਤੇ ਦੋ ਕੂਕਿਆਂ ਦੇ ਮਾਰੇ ਗਏ। ਮਲੌਦ ਵਾਲੇ ਚਾਰ ਫੱਟੜ ਕੂਕੇ, ਕਾਲੇ ਪਾਣੀ ਭੇਜੇ ਗਏ ਸਨ। ਅਗਲੇ ਦਿਨ ਸਤਿਗੁਰੂ ਜੀ ਕਾਵਨ ਡੀ. ਸੀ. ਦੇ ਸੱਦੇ ’ਤੇ 16 ਜਨਵਰੀ ਨੂੰ ਮਲੌਦ ਆਏ ਸਨ। ਤਾਂ ਕਾਵਨ ਦੇ ਪਾਸ ਖਲੋਤੇ ਸ਼ਹਿਰ ਵਾਲਿਆਂ ਨੂੰ ਕਿਹਾ ਕਿ “ਤੁਸਾਂ ਬੜੀ ਮਾੜੀ ਕੀਤੀ ਹੈ, ਇੱਟਾਂ ਨਾਲ ਸਿੰਘ ਮਾਰੇ ਹੈਂ।”

ਕਿਉਂਕਿ ਮਸਤਾਨੇ ਸਿੰਘਾਂ ਅਤੇ ਦੋਵੇਂ ਮਾਈਆਂ ਸਮੇਤ ਜਥੇ ਇਹਨਾਂ ਨੇ 15 ਜਨਵਰੀ ਦੀ ਸਵੇਰ ਮਲੇਰਕੋਟਲੇ ਚੰਡੀ ਖੜਕਾ ਦਿੱਤੀ। ਗਹਿ ਗੱਚ ਲੜਾਈ ਹੋਈ। ਇਹ ਪਾਸੇ ਸਧਾਰਨ ਪੇਂਡੂ ਕਿਰਤੀ ਕਿਸਾਨ, ਦਸਤਕਾਰ ਆਦਿਕ, ਉੱਧਰ ਸਿੱਖਿਅਤ ਰਿਆਸਤੀ ਸੈਨਾ। ਅੱਠ ਉਧਰ ਤੇ ਸੱਤ ਕੂਕਿਆਂ ਦੇ ਮਾਰੇ ਗਏ। ਇੱਕ ਫੱਟੜ ਕੂਕਾ ਬਾਅਦ ਵਿੱਚ ਗੁਜ਼ਰਿਆ। 29 ਫੱਟੜ ਕੂਕੇ। ਦੂਜੇ ਬੰਨੇ ਵੀ ਚੋਖੇ। ਇਹ ਇੱਥੋਂ ਪੰਦਰਾਂ ਦੀ ਦੁਪਹਿਰ ਰੜ ਪਿੰਡ ਦੇ ਥੇਹ ’ਤੇ ਕੱਟਦੇ ਹਨ। ਫਿਰ ਦੇਰ ਰਾਤ ਨੂੰ ਸ਼ੇਰਪੁਰ (ਪਟਿਆਲੇ) ਦੇ ਕਿਲੇ ਵਿੱਚ ਅਤੇ ਸਤਾਰਾਂ ਬਾਅਦ ਦੁਪਹਿਰ ਕੋਟਲੇ ਦੇ ਰੱਕੜ ਵਿੱਚ ਲਿਆ ਕੇ ਪਹਿਲੇ ਦਿਨ ਕਾਵਨ ਨੇ 49 ਕੂਕੇ ਤੋਪਾਂ ਨਾਲ ਉਡਾ ਦਿੱਤੇ। ਮਿਸਟਰ ਕਾਵਨ ਵੱਲੋਂ ਇਹ ਆਖਣ ਤੇ ਕਿ ਜੇ ਤੂੰ ਕਹਿ ਦੇਵੇਂ ‘ਮੈਂ ਗੁਰੂ ਰਾਮ ਦਾ ਸਿੱਖ ਨਹੀਂ’ ਰੋਹ ਆਇਆ ਬਾਲਕ ਬਿਸ਼ਨ ਸਿੰਘ ਕਾਵਨ ਦੀ ਦਾੜੀ ਨੂੰ ਝਪਟਾਇਆ ਅਤੇ ਇਸ ਤਰਾਂ ਉਸ ਦੇ ਗਲ ਜਾ ਪਿਆ ਅਤੇ ਪੰਜਾਹਵਾਂ ਤਲਵਾਰ ਨਾਲ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਅਗਲੇ ਦਿਨ 16 ਕੂਕੇ ਕਮਿਸ਼ਨਰ ਫੋਰਸਿਥ ਨੇ ਸੰਖੇਪ ਅਦਾਲਤੀ ਨਾਟਕ ਰਚ ਕੇ, ਸ਼ਹੀਦ ਕਰ ਦਿੱਤੇ ਤੋਪਾਂ ਦੁਆਰਾ।

ਯਾਦ ਰਹੇ ਇਹ ਸਭ ਕੂਕੇ ਸੱਤ-ਸੱਤ ਦੀ ਗਿਣਤੀ ਵਿੱਚ ਸੱਤਾਂ ਤੋਪਾਂ ਅੱਗੇ ਆਪ ਛਾਤੀਆਂ ਤਾਣ ਕੇ ਖਲੋਂਦੇ ਸਨ। ਸੂਰਮਗਤੀ ਦੇ ਬਹੁਤ ਸਾਰੇ ਨਵੇਂ ਮਾਪਦੰਡ ਇਸ ਸਾਕੇ ਨੇ ਨਿਸ਼ਚਿਤ ਕੀਤੇ। ਦੋਵੇਂ ਮਾਈਆਂ ਪਟਿਆਲਾ ਦੀ ਪਰਜਾ ਹੋਣ ਕਾਰਨ ਉਸ ਰਿਆਸਤ ਨੂੰ ਸਉਂਪ ਦਿੱਤੀਆਂ।

ਗੁਰੂ ਰਾਮ ਸਿੰਘ ਜੀ ਮਲੌਦ ਕਾਵਨ ਨੂੰ ਮਿਲੇ ਪਰ ਉਸ ਨੇ ਕਿਹਾ ਕਿ ਹੁਣ ਮੁੜ ਜਾਉ ਅਸੀਂ ਤੁਹਾਨੂੰ ਝਬਦੇ ਹੀ ਦੁਬਾਰਾ ਬੁਲਾਵਾਂਗੇ। ਉਦੋਂ ਤੱਕ ਆਪ ਨੂੰ ਵੀ ਮਲੇਰਕੋਟਲੇ ਕਾਂਡ ਵਾਪਰ ਜਾਣ ਦੀ ਸੂਹ ਮਿਲ ਗਈ ਸੀ। ਸਤਿਗੁਰੂ ਜੀ ਨੇ ਭੈਣੀ ਸਾਹਿਬ ਜਾਣਾ ਠੀਕ ਨਾ ਸਮਝਿਆ। ਲਾਗੇ ਹੀ ਨਾਮਧਾਰੀਆਂ ਦਾ ਪਿੰਡ ਸਿਆੜ੍ਹ ਸੀ, ਆਪ 16 ਜਨਵਰੀ ਦੀ ਸ਼ਾਮ ਨੂੰ ਉੱਥੇ ਪੁੱਜ ਗਏ। ਮਲੌਦ ਤੋਂ ਚੱਲਦਿਆਂ ਸਤਿਗੁਰੂ ਜੀ ਨੇ ਪਿੰਡ ਭਿੱਖੀ ਦੇ ਬਾਣੀਏ, ਭਾਈ ਸੌਣ ਸਿੰਘ ਨੂੰ ਮਸਤਾਨਾ ਦਲ ਦੀ ਖ਼ਬਰ ਲੈਣ ਮਲੇਰਕੋਟਲੇ ਵੱਲ ਭੇਜਿਆ ਸੀ। ਇਹ ਸਤਿਗੁਰੂ ਜੀ ਦਾ ਮਸਤਾਨਿਆਂ, ਜਿਹਨਾਂ ਨੂੰ ਉਹ ਆਪਣੇ 'ਦੇਹ ਪਰਾਣ' ਵੀ ਕਿਹਾ ਕਰਦੇ ਸਨ, ਨਾਲ ਅਥਾਹ ਪ੍ਰੇਮ ਸੀ, ਜਿਸ ਕਾਰਨ ਉਹ ਮਲੌਦ ਤੋਂ ਭੈਣੀ ਸਾਹਿਬ ਨਹੀਂ ਗਏ। ਅਗਲੇ ਦਿਨ ਸਿਆੜ੍ਹ ਆ ਕੇ ਭਾਈ ਸੌਣ ਸਿੰਘ ਭਿੱਖੀ ਵਾਲੇ ਨੇ ਮਲੇਰਕੋਟਲੇ ਦੀ ਜੰਗ ਬਾਰੇ ਦੱਸਿਆ ਕਿ ਏਨਾ ਕੁ ਭਾਣਾ ਵਰਤਾ ਗਏ ਹਨ, ਤਾਂ ਆਪ ਨੇ ਕਿਹਾ- "ਸਲੋਤਰਾਂ ਵਾਲਿਆਂ ਨੇ ਬੁਰੀ ਕੀਤੀ ਹੈ" ਭਾਵ ਉਹਨਾਂ ਦੀ ਜੁੱਧ ਕਲਾ ਦੀ ਪ੍ਰਸ਼ੰਸਾ ਕੀਤੀ।

17 ਜਨਵਰੀ ਸ਼ਾਮ 4 ਕੁ ਵਜੇ ਜਦੋਂ ਮੀਂਹ ਕਾਰਨ ਹਵਾ ਵਿੱਚ ਨਮੀ ਸੀ ਤਾਂ ਮਲੇਰਕੋਟਲੇ ਤੋਂ ਸਿਆੜ੍ਹ ਭਾਈ ਬੇਲਾ ਸਿੰਘ ਦੇ ਚੁਬਾਰੇ ਵਿੱਚ ਪੰਜ ਸਿੰਘਾਂ ਸਮੇਤ ਬੈਠਿਆਂ, ਆਪ ਨੂੰ ਤੋਪਾਂ ਦੀ ਗੜਗੜਾਹਟ ਸੁਣਾਈ ਦਿੱਤੀ। ਸਤਿਗੁਰੂ ਜੀ ਸੂਬਾ ਕਾਹਨ ਸਿੰਘ ਨੂੰ ਬਚਨ ਕੀਤਾ, "ਦੇਖ ਤਾਂ ਤੋਪ ਭਰਮਾਰ ਹੈ।" ਕਾਹਨ ਸਿੰਘ ਚੁਬਾਰੇ ਵਿੱਚੋਂ ਬਾਹਰ ਆ ਕੇ ਧਿਆਨ ਨਾਲ ਆਵਾਜ਼ ਸੁਣੀ। ਉਹ ਪੂਰਵ ਸਿੱਖ ਸੈਨਿਕ ਸੀ। ਕਹਿਣ ਲੱਗਾ ਤੋਪ ਭਰਮਾਰ ਹੈ। ਇਸ ਸਮੇਂ ਸਤਿਗੁਰੂ ਜੀ ਨੇ ਬਚਨ ਕੀਤਾ- "ਇਹ ਤੋਪਾਂ ਮੇਰੇ ਲਾਡਲਿਆਂ ਤੇ ਚੱਲਦੀਆਂ ਹਨ।" ਫਿਰ ਬਚਨ ਕੀਤਾ- "ਸਿੰਘ ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ। ਹੁਣ ਚੰਗਾ ਹੋਇਆ। ਬਚਨ ਕੀਤਾ ਦੋਇ ਸ਼ਸਤਰ ਹੈਂ। ਇੱਕ ਤਾਂ ਨੀਵਾਂ ਹੋਇ ਜਾਣਾ, ਦੂਜਾ ਏਹੀ ਹੈ ਜੋ ਹਾਥ ਮੈਂ ਆਇ ਜਾਇ ਭਾਵੇਂ ਛਿੱਤਰ ਹੀ, ਤਾਂ ਅੱਗੇ ਨੂੰ ਜਾਏ ਪਿੱਛੇ ਨਾ ਮੁੜੇ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਬਡਾ ਹੈ।"

ਪ੍ਰੋ. ਫੌਜਾ ਸਿੰਘ ਬਾਜਵਾ 'ਕੂਕਾ ਮੂਵਮੈਂਟ (ਫਰੀਡਮ ਸਟ੍ਰਗਲ ਇਨ ਪੰਜਾਬ)' ਵਿੱਚ ਲਿਖਦੇ ਹਨ- "ਇਹ ਜਾਣਦਿਆਂ ਕਿ ਉਹਨਾਂ ਦੇ ਇਰਾਦਿਆਂ ਦੀ ਪੂਰੀ ਸੂਹ ਸਰਕਾਰ ਪਾਸ ਪੁੱਜ ਗਈ ਹੈ, ਉਹਨਾਂ ਨੇ ਸੂਰਮਿਆਂ ਵਾਂਗੂੰ ਹੱਲਾ ਬੋਲਿਆ, ਉਹ ਸੂਰਮਿਆਂ ਜਿਉਂ ਹੀ ਲੜੇ, ਸੂਰਮਿਆਂ ਦੀ ਤਰ੍ਹਾਂ ਹੀ ਉਨ੍ਹਾਂ ਆਪਾ ਸਮਰਪਣ ਕੀਤਾ ਅਤੇ ਸੂਰਮਿਆਂ ਵਾਕੁਰ ਹੀ ਉਹ ਕੁਰਬਾਨ ਹੋ ਗਏ।" ਬਾਜਵਾ ਸਾਹਿਬ ਇਹ ਵੀ ਲਿਖਦੇ ਹਨ ਕਿ ਜਿਸ ਮੋਹ ਪਿਆਰ ਨਾਲ ਬਾਬਾ ਜੀ (ਗੁਰੂ ਰਾਮ ਸਿੰਘ) ਉਹਨਾਂ ਨੂੰ ਆਪਣੇ ਲੰਗਰ ਵਿੱਚੋਂ ਪ੍ਰਸ਼ਾਦਿ ਛਕਾ ਕੇ ਵਿਦਿਆ ਕਰਦੇ ਹਨ, ਤੁਰਦਿਆਂ ਨੂੰ ਹਦਾਇਤਾਂ ਦਿੰਦੇ ਹਨ, ਇਸ ਤੋਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਇਹਨਾਂ ਚੇਲਿਆਂ ਵਿਚਾਲੇ ਨਿਸ਼ਾਨੇ ਬਾਰੇ ਤਾਂ ਮੁਕੰਮਲ ਸਹਿਮਤੀ ਸੀ, ਮੱਤਭੇਦ ਸਿਰਫ਼ ਕਾਰਵਾਈ ਦੇ ਸਮੇਂ ਬਾਰੇ ਸੀ। ਗੁਰੂ ਰਾਮ ਸਿੰਘ ਪ੍ਰਤੀ ਸਮਰਪਣ ਅਤੇ ਪ੍ਰੇਮ ਭਾਵਨਾ ਉਹਨਾਂ ਨੂੰ ਸਿੱਖੀ ਸਿਦਕ ਨਾਲ ਲਬਰੇਜ਼ ਕਰਦਾ ਹੈ। ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿੱਚ ਬੰਦਾ ਸਿੰਘ ਦੀ ਸ਼ਹੀਦੀ ਅਤੇ ਉਸਦੇ ਨਾਲਦਿਆਂ ਬਾਰੇ ਲਿਖਦੇ ਹੋਏ ਕਹਿੰਦੇ ਹਨ ਕਿ ਇਹਨਾਂ ਸੂਰਮਿਆਂ ਬਾਰੇ ਤਾਂ ਮੈਂ ਕਿਤਾਬਾਂ ਵਿੱਚੋਂ ਪੜ੍ਹਿਆ ਹੈ। ਹੁਣ ਮੈਂ ਤੁਹਾਨੂੰ ਉਸ ਸ਼ਹੀਦੀ ਸਾਕੇ ਬਾਰੇ ਦੱਸਾਂ ਜੋ ਮੈਂ ਆਪਣੀ ਅੱਖੀਂ ਆਪ ਵੇਖਿਆ ਸੀ।

"ਸੰਮਤ ਉਨੀ ਸੈ ਅਠਾਈ।
ਕੂਕੇ ਸਿੰਘ ਮਿਲੇ ਤਬ ਆਈ।......
ਉਨ ਹਿਤ ਹੁਕਮ ਅੰਗਰੇਜ਼ੀ ਆਯੋ।
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੈ ਸੁਨਿ ਪਾਯੋ।
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਬਧੇਰੇ॥
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਏ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।
ਜਰਾ ਨ ਕੀਨੇ ਪਰਾਨ ਪਯਾਰੇ।
ਇਹ ਹਮਨੇ ਖੁਦ ਨੈਨ ਨਿਹਾਰੇ।
ਦੇਖਤ ਥੇ ਜੋ ਲੋਗ ਅਪਾਰੇ।
ਰਹੈ ਹਿਰਾਨ ਤਿਨੈ ਪਿਖ ਸਾਰੇ।
ਇਹ ਸਿੰਘਨ ਕੀ ਰੀਤੀ ਵਰ ਹੈ।
ਸਸਤ੍ਰ ਕੀ ਮ੍ਰਿਤ ਤੈ ਨਾਹ ਡਰ ਹੈ।"

ਡਿਪਟੀ ਕਮਿਸ਼ਨਰ ਕਾਵਨ ਨੇ ਮਲੇਰਕੋਟਲੇ ਉੱਤੇ ਕੂਕਾ ਦਲ ਦੇ ਹਮਲੇ ਨੂੰ ਉਹਨਾਂ ਦੀ ਸੱਤਾ ਦੀ ਸਿੱਧੀ ਨਾਬਰੀ ਦੱਸਦਿਆਂ, ਇਸ ਨੂੰ ਰਾਜ ਖਿਲਾਫ਼ ਬਗ਼ਾਵਤ ਜਿਹੀ ਕਾਰਵਾਈ

ਕਿਹਾ। ਮਲੇਰਕੋਟਲੇ ਦਾ ਨਵਾਬ ਗੁਜ਼ਰ ਚੁੱਕਾ ਸੀ। ਰਿਆਸਤ ਦੀ ਗੱਦੀ ਲਈ ਤਿੰਨ ਦਾਅਵੇਦਾਰਾਂ ਵਿੱਚ ਝਗੜਾ ਚੱਲ ਰਿਹਾ ਸੀ। ਇਹ ਭੈੜੇ ਪ੍ਰਬੰਧ ਵਾਲੀ ਕਮਜ਼ੋਰ ਰਿਆਸਤ ਸੀ, ਇਸ ਦਾ ਚਾਰਜ ਲੁਧਿਆਣੇ ਦੇ ਡੀ. ਸੀ. ਪਾਸ ਸੀ। ਇਸ ਲਈ ਕੂਕੇ ਇਸ ਨੂੰ ਆਸਾਨ ਨਿਸ਼ਾਨਾ ਸਮਝਕੇ ਆਏ। ਦਸਤਾਵੇਜ਼ਾਂ ਵਿੱਚ ਲਿਖਿਆ ਹੈ ਕਿ ਜੇ ਕੂਕੇ ਮਲੇਰਕੋਟਲੇ ਵਿੱਚ ਸਫ਼ਲ ਹੋ ਜਾਂਦੇ ਤਾਂ ਫਿਰ ਉਹ ਨਾਭਾ, ਜੀਂਦ ਅਤੇ ਪਟਿਆਲਾ ਰਿਆਸਤਾਂ ਨੂੰ ਆਪਣੇ ਅਧਿਕਾਰ ਵਿੱਚ ਲੈ ਕੇ, ਫ਼ੀਰੋਜ਼ਪੁਰ ਦੇ ਅਸਲਾਖਾਨੇ ਨੂੰ ਕਾਬੂ ਕਰਨ ਦੀਆਂ ਸਲਾਹਵਾਂ ਵੀ ਕਰਦੇ ਸਨ। ਇਸ ਲਈ ਨਾ ਤਾਂ ਇਹ ਮਹਿਜ ਗਊ ਰੱਖਿਆ ਦਾ ਮੁਆਮਲਾ ਰਿਹਾ ਸੀ। ਕੂਕਿਆਂ ਦਾ ਨਿਸ਼ਾਨਾ ਤਾਂ ਵਿਦੇਸ਼ੀ ਰਾਜ ਦਾ ਤਹਿਤ ਚੁੱਕਣਾ ਸੀ। ਇਸੇ ਕਾਰਨ ਉਹਨਾਂ ਨੂੰ ਕਠੋਰ ਸਜ਼ਾਵਾਂ ਤੁਰਤ ਫੁਰਤ ਦੇ ਦਿੱਤੀਆਂ ਗਈਆਂ।

ਲਾਟ ਪੰਜਾਬ ਨੇ ਹਿੰਦ ਸਰਕਾਰ ਨੂੰ ਲਿਖਿਆ ਕਿ ਜਦੋਂ ਤੱਕ ਗੁਰੂ ਰਾਮ ਸਿੰਘ ਅਤੇ ਉਸਦੇ ਸੂਬਿਆਂ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾਂਦਾ, ਮੁਲਕ ਸਾਡੇ ਲਈ ਸੁਰੱਖਿਅਤ ਨਹੀਂ। ਮਲੇਰਕੋਟਲਾ ਸਾਕੇ ਦਾ ਬਹੁਤ ਵੱਡਾ ਪ੍ਰਤੀਕਰਮ ਹੋਇਆ। ਗੁਰੂ ਰਾਮ ਸਿੰਘ ਤੇ 10 ਕੂਕਾ ਮੁਖੀ, ਗਿਆਰਵਾਂ ਸ੍ਰ. ਮੰਗਲ ਸਿੰਘ ਬਿਸ਼ਨਪੁਰਾ, ਪੰਜਾਬ ਤੋਂ ਬਾਹਰ ਜਲਾਵਤਨ ਕਰ ਦਿੱਤੇ ਗਏ। ਕੂਕਾ ਕੇਂਦਰ (ਸ੍ਰੀ ਭੈਣੀ ਸਾਹਿਬ) ਅੱਧੀ ਸਦੀ ਤੋਂ ਵੱਧ ਜ਼ੇਰ ਨਿਗਰਾਨੀ ਪੁਲੀਸ ਰਿਹਾ। ਪੰਜ ਤੋਂ ਵੱਧ ਕੂਕੇ ਕਿਤੇ ਇਕੱਠੇ ਨਹੀਂ ਹੋ ਸਕਦੇ ਸਨ। ਕੂਕਾ ਸ਼ਹੀਦਾਂ ਦੇ ਇਸ ਜੋਸ਼ ਨੂੰ ਸ਼ਹੀਦ ਭਗਤ ਸਿੰਘ ਨੇ ਵੀ ਆਪਣੇ 'ਮਹਾਂਰਥੀ' 1928 ਵਿੱਚ ਛਪੇ ਇੱਕ ਲੇਖ ਵਿੱਚ ਤੋਪਾਂ ਸਾਹਵੇਂ ਹੱਸਣ ਵਾਲੇ ਅਤੇ ਮੌਤ ਅੱਗੇ ਵੀ 'ਸਤਿ ਸ੍ਰੀ ਅਕਾਲ' ਦੇ ਅਕਾਸ਼ ਗੁੰਜਾਊ ਨਾਹਰੇ ਲਾਉਣ ਵਾਲੇ ਕਿਹਾ ਸੀ।

ਪੰਜਾਬੀ ਚਿੰਤਕਾਂ ਅਨੁਸਾਰ ਮਲੇਰਕੋਟਲਾ ਦਾ ਸਾਕਾ ਪੰਜਾਬ ਦੇ ਲੋਕ ਅਵਚੇਤਨ ਨੇ ਸਾਕਾ ਸਰਹੰਦ, ਸਾਕਾ ਚਮਕੌਰ ਅਤੇ ਸਾਡੇ ਇਤਿਹਾਸ ਦੇ ਹੋਰ ਸ਼ਾਨਾਂਮੱਤੇ ਸਾਕਿਆਂ ਜਿਉਂ ਸਦਾ ਲਈ ਸੰਭਾਲ ਲਿਆ ਹੈ। ਇਹ ਸਾਕਾ ਕੂਕਾ ਅੰਦੋਲਨ ਦਾ ਸਿਖਰ ਹੋ ਨਿੱਬੜਿਆ। ਕੂਕਾ ਲਹਿਰ ਪੰਜਾਬ ਦੀਆਂ ਬਾਅਦ ਵਿੱਚ ਚੱਲਣ ਵਾਲੀਆਂ ਲੋਕ ਲਹਿਰਾਂ ਨੂੰ ਜੀਵਨ ਸ਼ਕਤੀ ਪ੍ਰਦਾਨ ਕਰਦੀ ਰਹੀ। ਮਲੇਰਕੋਟਲੇ ਦੇ ਕੂਕਾ ਸ਼ਹੀਦ ਸਾਡੇ ਸਤਿਕਾਰਿਤ ਸ਼ਹੀਦ ਰਹਿਣੇ ਹਨ। ਉਹਨਾਂ ਨਾਲੋਂ ਸਤਿਗੁਰੂ ਰਾਮ ਸਿੰਘ ਜੀ ਨੇ ਕਦੇ ਵੀ ਨਾਤਾ ਨਹੀਂ ਤੋੜਿਆ ਸੀ। ਜਦੋਂ ਰਾਇਕੋਟ ਦੇ ਸਾਕੇ ਸਮੇਂ ਗੁਰੂ ਜੀ ਨੂੰ ਕਮਿਸ਼ਨਰ ਨੇ ਇਸ ਘਟਨਾ ਦੀ ਨਿੰਦਾ ਕਰਨ ਲਈ ਕਿਹਾ ਸੀ ਤਾਂ ਉਹਨਾਂ ਇਨਕਾਰ ਕਰਕੇ, ਆਪਣੇ ਸਿੰਘਾਂ ਦੀ ਕੰਡ ਨੰਗੀ ਨਹੀਂ ਸੀ ਹੋਣ ਦਿੱਤੀ।

## ਸੋ ਸਤਿਗੁਰ

**ਕਵੀ ਜੀਵਨ ਸਿੰਘ**

ਸੋ ਸਤਿਗੁਰ ਪ੍ਰਮੇਸ਼ਰ ਦਾ ਜਿਸ ਮਾਰਗ ਜਾਣ ਲਿਆ।
ਸਰਬ ਜੀਆਂ ਵਿਚ ਜਿਸਨੇ ਇਕ ਬ੍ਰਹਮ ਪਛਾਣ ਲਿਆ।

ਸੋ ਸਤਿਗੁਰ ਹੈ ਜਿਸਦੇ ਰਿਦੇ ਗਿਆਨ ਬਸੇਰਾ ਏ।
ਜਿਸਦੀ ਬਾਣੀ ਦੂਰ ਕਰੇ ਅਗਿਆਨ ਅੰਧੇਰਾ ਏ।

ਸੋ ਸਤਿਗੁਰ ਜਿਸ ਪੰਜੇ ਵੈਰੀ ਪਕੜ ਸੰਘਾਰੇ ਆ।
ਸਤ, ਸੰਤੋਖ ਤੇ ਦਇਆ, ਧਰਮ ਜਿਸਦੇ ਰਖਵਾਰੇ ਆ।

ਸੋ ਸਤਿਗੁਰ ਜੋ ਸੱਚ ਬੋਲਦਾ ਸੱਚ ਧਿਆਉਂਦਾ ਏ।
ਸੱਚੀ ਸਿਫ਼ਤ-ਸਲਾਹ ਸੱਚੇ ਹੀ ਮਾਰਗ ਪਾਉਂਦਾ ਏ।

ਸੋ ਸਤਿਗੁਰ ਜੋ ਪੰਜੇ ਭਰਮ ਤੇ ਭੇਦ ਮਿਟਾ ਦੇਵੇ।
ਮਲ ਵਿਕਸ਼ੇਪ ਨਿਵਾਰ ਬ੍ਰਹਮ ਦੀ ਜੋਤ ਜਗਾ ਦੇਵੇ।

ਸੋ ਸਤਿਗੁਰ ਹੈ ਮਾਇਆ ਜਿਸਦੇ ਚਰਨ ਦੀ ਦਾਸੀ ਏ।
ਆਈ ਦੀ ਨਹੀਂ ਖੁਸ਼ੀ, ਗਈ ਦੀ ਨਹੀਂ ਉਦਾਸੀ ਏ।

ਸੋ ਸਤਿਗੁਰ ਜੋ ਬੰਦਨ ਕਾਟਣਹਾਰ ਸੁਆਮੀ ਏ।
ਹਰ ਔਕੜ ਮੇਂ ਸਿੱਖਾਂ ਦੀ ਜੋ ਭਰਦਾ ਹਾਮੀ ਏ।

ਸੋ ਸਤਿਗੁਰ ਜੋ ਜਾਚਕ ਦੇ ਦੁੱਖ ਜਾਣੇ ਦਿਲ ਦੇ ਆ।
ਜਿਸਦੀ ਸੇਵਾ ਵਿਚੋਂ ਚਾਰ ਪਦਾਰਥ ਮਿਲਦੇ ਆ।

ਸੋ ਸਤਿਗੁਰ ਜੋ ਨਿਰਮਲ ਸੱਚਾ ਪੰਥ ਚਲਾਉਂਦਾ ਏ।
ਆਪ ਜਪੇ ਤੇ ਅਵਰਾਂ ਤਾਈਂ ਨਾਮ ਜਪਾਉਂਦਾ ਏ।

ਸੋ ਸਤਿਗੁਰ ਹੈ ਜਿਸਦੇ ਨੇਤ੍ਰ ਪ੍ਰੇਮ ਪਿਆਲੇ ਆ।
ਜਿਸਦੀ ਕਿਰਪਾ ਦ੍ਰਿਸ਼ਟੀ ਦੂਰ ਕਰੇ ਜਮਜਾਲੇ ਆ।

ਸੋ ਸਤਿਗੁਰ ਜੋ ਧਰਮ ਹੇਤ ਪਰਵਾਰ ਲਗਾ ਦੇਵੇ।
ਕਰਦਾ ਪਰਉਪਕਾਰ ਰਹੇ ਉਪਕਾਰ ਸਿਖਾ ਦੇਵੇ।

ਉਸ ਸਤਿਗੁਰ ਤੋਂ ਵਾਰ ਦਿਓ ਸਦ ਜੀਵਨ ਰਾਸੀ ਏ।
ਸੁਪਨੇ ਵਿਚ ਭੁਗਤਾ ਦੇਵੇ ਜੋ ਜੂਨ ਚਰਾਸੀ ਏ।

# ਲੋਕ ਕਾਵਿ ਵਿਚ ਨਾਮਧਾਰੀ ਲਹਿਰ ਦਾ ਬਿੰਬ

**ਡਾ. ਸਰਬਜੀਤ ਸਿੰਘ**
**ਚੇਅਰਪਰਸਨ, ਪੰਜਾਬੀ ਵਿਭਾਗ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**
**98155-74144**

ਇਤਿਹਾਸ ਹਮੇਸ਼ਾਂ ਹਾਕਮ ਜਮਾਤਾਂ ਦਾ ਹੁੰਦਾ ਹੈ ਕਿਉਂਕਿ ਹਾਕਮ ਜਮਾਤਾਂ ਸਮਾਜ ਦੇ ਬੌਧਿਕ ਸੰਸਾਰ ਉਪਰ ਵੀ ਆਪਣੀ ਤਾਕਤ ਜਮਾ ਕੇ ਬਣਾਏ ਆਪਣੇ ਇਤਿਹਾਸ ਨੂੰ ਜਾਇਜ਼ ਅਤੇ ਮਹੱਤਵਪੂਰਨ ਦਰਸਾਉਂਦੀਆਂ ਹੀ ਨਹੀਂ ਸਗੋਂ ਉਸ ਇਤਿਹਾਸ ਨੂੰ ਆਮ ਲੋਕਾਈ ਦੇ ਅਵਚੇਤਨ ਦਾ ਅੰਗ ਬਣਾ ਦਿੰਦੀਆਂ ਹਨ। ਹਾਕਮ ਜਮਾਤਾਂ ਲੋਕ-ਅਵਚੇਤਨ ਦੀ ਸਿਰਜਣਾ (Construction) ਸੱਤਾ ਦੇ ਅਨੁਸਾਰੀ ਬਣਾਉਣ ਲਈ ਲਗਾਤਾਰ ਇਤਿਹਾਸ ਨੂੰ ਦੁਹਰਾ ਕੇ ਉਸਨੂੰ ਸਿਮਰਤੀ ਬਣਾ ਦੇਣਾ ਚਾਹੁੰਦੀਆਂ ਹਨ। ਇਸ ਲਈ ਉਹ ਨਾਇਕ, ਸਿਮਰਤੀਆਂ, ਆਪਣੇ ਚਿੰਨ੍ਹ ਅਤੇ ਆਪਣੀ ਭਾਸ਼ਾ ਦੀ ਸਿਰਜਣਾ ਕਰਦੀਆਂ ਹਨ ਜੋ ਉਸਦੀ ਵਿਚਾਰਧਾਰਾ ਦੇ ਵਾਹਕ ਹੁੰਦੇ ਹਨ। ਇਸ ਦੇ ਸਮਾਨਾਂਤਰ ਲੋਕ ਪ੍ਰਤਿਰੋਧ ਦੀਆਂ ਲਹਿਰਾਂ ਦਾ ਇਤਿਹਾਸ ਜਾਂ ਦਬਾਇਆ ਜਾਂਦਾ ਹੈ, ਜਾਂ ਵਿਗਾੜਿਆ ਜਾਂਦਾ ਹੈ। ਜੇ ਵਾਹ ਲੱਗੇ ਤਾਂ ਉਸਦਾ ਸੁਭਾਅ ਅਤੇ ਸਰੂਪ ਵੀ ਲੋਕ ਵਿਰੋਧੀ ਬਣਾ ਦਿੱਤਾ ਜਾਂਦਾ ਹੈ। ਇਸ ਦਾ ਸਪੱਸ਼ਟ ਕਾਰਨ ਇਹ ਹੈ ਕਿ ਲੋਕ ਪ੍ਰਤਿਰੋਧ ਦੀ ਲਹਿਰ ਹਮੇਸ਼ਾ ਹਾਕਮ ਜਮਾਤਾਂ ਦੇ ਹਿੱਤਾਂ, ਵਿਚਾਰਧਾਰਾ ਅਤੇ ਮੰਤਵਾਂ ਦੇ ਖਿਲਾਫ਼ ਨਿਆਂਇਕ ਚੇਤਨਾ ਨਾਲ ਜੁੜ ਕੇ ਲੋਕ ਭਾਵ ਅਤੇ ਲੋਕ ਇੱਛਾ ਦਾ ਸੰਚਾਰ ਕਰ ਰਹੀਆਂ ਹੁੰਦੀਆਂ ਹਨ। ਇਹ ਕਿਸੇ ਇਕੱਲੇ-ਕਾਰੇ ਮੁਲਕ ਵਿਚ ਨਹੀਂ ਸਗੋਂ ਇਹ ਸਮੁੱਚੇ ਵਿਸ਼ਵ ਦੇ ਇਤਿਹਾਸ ਵਿਚ ਵਾਪਰਿਆ ਹੈ। ਜਦੋਂ ਅਸੀਂ ਭਾਰਤੀ ਇਤਿਹਾਸ ਉਪਰ ਨਜ਼ਰ ਮਾਰਦੇ ਹਾਂ ਤਾਂ ਇਹ ਇਤਿਹਾਸ ਰਾਜਿਆਂ ਦਾ, ਵੰਸ਼ਾਂ ਦਾ ਜਾਂ ਸਾਮੰਤੀ ਸਲਤਨਤਾਂ ਦਾ ਹੀ ਇਤਿਹਾਸ ਹੈ। ਇਸ ਇਤਿਹਾਸ ਵਿਚ ਆਮ ਲੋਕਾਈ ਦੇ ਪ੍ਰਤਿਰੋਧ ਦਾ ਇਤਿਹਾਸ ਬਹੁਤ ਅਲਪ ਮਾਤਰਾ ਵਿੱਚ ਹੈ। ਜੋ ਵੀ ਇਤਿਹਾਸ ਹੈ ਜਾਂ ਤਾਂ ਉਹ ਲੋਕ ਪਰੰਪਰਾ ਦੀਆਂ ਮੌਖਿਕ ਰੀਤਾਂ ਅੰਦਰੋਂ ਮਿਲਦਾ ਹੈ ਜਾਂ ਕਿਧਰੇ ਕੁਲੀਨ ਵਰਗ ਵੱਲੋਂ ਲਿਖੇ ਇਤਿਹਾਸ ਵਿਚ ਨਾਂਹਮੁਖੀ ਕਿਰਦਾਰਾਂ ਦੇ ਰੂਪ ਵਿਚ ਮਿਲਦਾ ਹੈ। ਮਿਥਿਹਾਸ ਵਿਚੋਂ ਵੀ ਨਾਂਹਮੁਖੀ ਸੰਕੇਤ ਇਹੋ ਦੱਸਦੇ ਹਨ ਕਿ ਉਨ੍ਹਾਂ ਦਾ ਆਪਣਾ ਇਤਿਹਾਸ ਅਤੇ ਰਵਾਇਤਾਂ ਤਾਂ ਹਨ, ਪਰ ਉਹ ਦਮਨ ਦੇ ਹੇਠ ਦਬਾ ਦਿੱਤੀਆਂ ਗਈਆਂ।

ਬਰਤਾਨਵੀ ਬਸਤੀਵਾਦ ਦੇ ਸਮੁੱਚੇ ਰਾਜਕਾਲ ਦੌਰਾਨ ਉੱਠੀਆਂ ਲੋਕ ਪ੍ਰਤਿਰੋਧ ਦੀਆਂ ਲਹਿਰਾਂ ਅੱਜ ਵੀ ਭਾਰਤ ਦੇ ਇਤਿਹਾਸ ਦੀ ਮੁੱਖ ਧਾਰਾ ਵਿਚੋਂ ਜੇ ਗ਼ਾਇਬ ਹਨ ਤਾਂ ਉਨ੍ਹਾਂ ਪਿੱਛੇ ਵੀ ਇਤਿਹਾਸ ਦੀ ਇਹੋ ਰਾਜਨੀਤੀ ਹੈ। ਹਾਕਮ ਜਮਾਤ ਇਤਿਹਾਸ ਦੀ ਘਾੜਤ ਸਮੇਂ ਇਹਨਾਂ ਲਹਿਰਾਂ ਨੂੰ ਜੇ ਕਿਧਰੇ ਕੋਈ ਮਹੱਤਵ ਦੇਵੇਗੀ ਵੀ ਤਾਂ ਉਸਦਾ ਦਰਜਾ ਇਤਿਹਾਸਕ ਮਹੱਤਵ ਵਾਲਾ ਨਹੀਂ ਹੋਵੇਗਾ ਸਗੋਂ ਸਹਾਇਕ ਵਾਲਾ ਹੋਵੇਗਾ। ਜ਼ਿਆਦਾਤਰ ਹਾਕਮ ਜਮਾਤਾਂ ਦੀ ਰਾਜਨੀਤੀ ਲੋਕ ਲਹਿਰਾਂ ਦੀ ਇਤਿਹਾਸਕਤਾ ਅਤੇ ਮਹੱਤਤਾ ਨੂੰ ਜਜ਼ਬ ਕਰਨ ਵਾਲੀ ਹੁੰਦੀ ਹੈ ਕਿਉਂਕਿ ਇਤਿਹਾਸ ਹੀ ਪ੍ਰੇਰਕ ਬਣਨ ਦੀ ਸ਼ਕਤੀ ਰੱਖਦਾ ਹੈ। ਇਉਂ ਲੋਕ ਲਹਿਰਾਂ ਦਾ ਇਤਿਹਾਸ, ਇਤਿਹਾਸ ਦੀ ਵਸਤੂ ਨਹੀਂ ਸਗੋਂ ਵਧੇਰੇ ਕਰਕੇ ਵਿਰੋਧੀ ਦੀ ਵਸਤੂ ਬਣ ਜਾਂਦਾ ਹੈ। ਬਰਤਾਨਵੀ ਬਸਤੀਵਾਦ ਦੌਰਾਨ ਲੋਕ ਪ੍ਰਤਿਰੋਧ ਦੀਆਂ ਲਹਿਰਾਂ ਕਿਸੇ ਸਮੇਂ ਤਾਂ ਇਤਿਹਾਸ ਦਾ ਅੰਗ ਹੀ ਨਹੀਂ ਸਨ ਪਰੰਤੂ ਅਜੋਕੀ ਰਾਜਨੀਤੀ ਦੀ ਮਜਬੂਰੀ ਵਿਚ ਇਨ੍ਹਾਂ ਲਹਿਰਾਂ ਨੂੰ ਜ਼ਰੂਰ ਇਕ ਵਿਸ਼ੇਸ਼ ਰਾਜਨੀਤੀ ਅਧੀਨ ਉਭਾਰਿਆ/ਵਰਤਿਆ ਜਾ ਰਿਹਾ ਹੈ। ਪਰੰਤੂ ਇਥੇ ਵੀ ਉਸਦੀ ਇਤਿਹਾਸਕ ਮਹੱਤਤਾ ਨੂੰ ਸਵੀਕਾਰਿਆ ਨਹੀਂ ਜਾਂਦਾ ਸਗੋਂ ਵਿਸ਼ੇਸ਼ ਹਿੱਤਾਂ ਦੀ ਪੂਰਤੀ ਹਿੱਤ ਸਾਧਿਆ ਜਾਂਦਾ ਹੈ।

ਬਰਤਾਨਵੀ ਬਸਤੀਵਾਦ ਦੇ ਸਮੇਂ ਹੋਣ ਵਾਲਾ ਪ੍ਰਤਿਰੋਧ ਇਕੋ ਜਿਹਾ ਨਹੀਂ ਸੀ ਕਿਉਂਕਿ ਭਾਰਤੀ ਸਮਾਜ ਦੀ ਬਹੁਵਿਧਤਾ ਦੇ ਕਰਕੇ ਇਸ ਦੇ ਵਿਚਾਰਧਾਰਕ ਪ੍ਰੇਰਕ ਵੀ ਵੱਖਰੋ-ਵੱਖਰੇ ਸਨ ਅਤੇ ਸਰੋਕਾਰ ਵੀ ਵੱਖਰੇ-ਵੱਖਰੇ ਸਨ। ਭਾਰਤ ਅੰਦਰ ਬਸਤੀਵਾਦ ਦੁਆਰਾ ਪੈਦਾ ਕੀਤੀ ਗਈ ਰਾਜਨੀਤਕ ਇਕਸੁਰਤਾ ਦੇ ਬਾਵਜੂਦ ਭਾਰਤ ਵਿਚ ਸਾਮੰਤੀ ਰਿਆਸਤਾਂ, ਸਭਿਆਚਾਰਕ ਵਖਰੇਵੇਂ, ਧਾਰਮਿਕ ਵੰਨ-ਸੁਵੰਨਤਾ, ਭਾਸ਼ਾਈ ਅੰਤਰ, ਵਰਣ ਦੇ ਵਖਰੇਵੇਂ ਆਦਿ ਦੇ ਕਾਰਨ ਬਹੁਤ ਸਾਰੇ ਅੰਤਰ ਵਿਰੋਧ ਵੀ ਨਾਲੋ-ਨਾਲ ਚੱਲਦੇ ਹਨ। ਭਾਰਤੀ ਲੋਕਾਈ ਭਾਵੇਂ ਬਸਤੀਕਾਰਾਂ ਦੀ ਗੁਲਾਮ ਸੀ ਪਰੰਤੂ ਭਾਰਤ ਅੰਦਰ ਵਸੋਂ ਦਾ ਇਕ ਵੱਡਾ ਹਿੱਸਾ ਅਜਿਹਾ ਵੀ ਸੀ ਜਿਹੜਾ ਭਾਰਤੀ ਵਰਣ ਵਿਵਸਥਾ ਦਾ ਭੰਨਿਆ-ਤੋੜਿਆ ਅਤੇ ਮਧੋਲਿਆ ਹੋਇਆ

ਸੀ। ਬਸਤੀਵਾਦੀ ਪ੍ਰਬੰਧ ਵਿਚ ਵਸੋਂ ਦਾ ਇਹ ਹਿੱਸਾ ਬਸਤੀਕਾਰਾਂ ਪ੍ਰਤੀ ਉਦਾਰ-ਭਾਵ ਰੱਖਦਾ ਸੀ ਕਿਉਂਕਿ ਬਸਤੀਵਾਦ ਵਰਣ ਵਿਵਸਥਾ ਉਪਰ ਟੇਢੇ ਢੰਗ ਨਾਲ ਸੱਟ ਮਾਰਦਾ ਸੀ। ਬਸਤੀਵਾਦ ਅਧਿਕਾਰਾਂ ਤੋਂ ਵੰਚਿਤ ਇਸ ਵਸੋਂ ਨੂੰ ਅਧਿਕਾਰਾਂ ਦਾ ਯਕੀਨ ਵੀ ਦਿਵਾਉਂਦਾ ਸੀ ਅਤੇ ਅਧਿਕਾਰਾਂ ਲਈ ਸਪੇਸ ਵੀ ਦਿੰਦਾ ਸੀ। ਦੂਸਰਾ, ਭਾਰਤੀ ਸਮਾਜਕ ਚੇਤਨਾ ਧਰਮ-ਕੇਂਦਰਿਤ ਹੋਣ ਕਰਕੇ ਸਾਮੰਤੀ ਵੀ ਸੀ ਅਤੇ ਸੰਪਰਦਾਇਕ ਵੀ। ਤੀਸਰਾ, ਧਰਮ ਚੇਤਨਾ ਤੋਂ ਬਿਨਾਂ ਵਿਭਿੰਨ ਸੰਪਰਦਾਵਾਂ ਦੀਆਂ ਸਾਮੰਤੀ ਰਿਆਸਤਾਂ ਵੀ ਅਤੀਤ ਵਿਚ ਰਹਿ ਚੁੱਕੀਆਂ ਸਨ। 1857 ਦਾ ਵਿਦਰੋਹ ਰਾਜਸੀ ਹੁੰਦਿਆਂ ਹੋਇਆਂ ਵੀ ਉਸ ਵਿਚੋਂ ਧਰਮ ਅਤੇ ਪੁਨਰ ਸਾਮੰਤੀ ਰਾਜ ਦੇ ਸੁਪਨੇ ਦੀ ਚਾਹਤ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਸੰਦਰਭ ਵਿਚ ਦੇਖਦਿਆਂ ਉਪਰੋਕਤ ਪਰਤਾਂ 'ਚੋਂ ਕੁਝ ਗਹਿਰ ਗੰਭੀਰ ਮਸਲੇ ਪੈਦਾ ਹੁੰਦੇ ਹਨ। ਇਨ੍ਹਾਂ ਮਸਲਿਆਂ ਵਿਚ ਇਕ ਮਸਲਾ ਪੰਜਾਬ ਵਿਚੋਂ ਉਠਣ ਵਾਲੀਆਂ ਉਹਨਾਂ ਲਹਿਰਾਂ ਦਾ ਹੈ, ਜਿਨ੍ਹਾਂ ਦੀ ਆਧਾਰਸ਼ਿਲਾ ਹਿੰਦੂ ਧਰਮ, ਸਿੱਖ ਧਰਮ ਅਤੇ ਇਸਲਾਮ ਧਰਮ ਬਣਦਾ ਹੈ। ਇਹ ਲਹਿਰਾਂ ਧਰਮਾਂ ਅੰਦਰ ਪਏ ਵਿਕਾਰਾਂ ਨੂੰ ਦੂਰ ਕਰਕੇ ਧਰਮ ਦੀ 'ਸ਼ੁੱਧਤਾ' ਅਤੇ 'ਸ਼ੁੱਧ ਆਚਰਨ' ਦੇ ਜਿੱਥੇ ਵਿਚਾਰਵਾਦੀ ਦਰਸ਼ਨ ਨੂੰ ਪਰਣਾਈਆਂ ਹੋਈਆਂ ਹਨ, ਉੱਥੇ ਬਸਤੀਕਾਰਾਂ ਦੇ 'ਈਸਾਈ ਧਰਮ' ਤੋਂ ਆਪਣੇ-ਆਪਣੇ ਧਰਮ ਨੂੰ ਬਚਾਈ ਰੱਖਣ ਦੀ ਜੰਗ ਵੀ ਲੜਦੀਆਂ ਹਨ। ਇਹ 'ਆਤਮ ਸੁਰੱਖਿਆ' (Self Defence) ਦੀ ਰਣਨੀਤੀ ਵੀ ਹੈ ਅਤੇ ਸੰਪਰਦਾਇ ਨੂੰ ਮਜਬੂਤ ਕਰਨ ਦਾ ਯਤਨ ਵੀ। ਦੂਜੇ ਪਾਸੇ ਧਰਮ ਨਾਲ ਸੰਬੰਧਿਤ ਲਹਿਰਾਂ ਪ੍ਰਤਿਰੋਧ ਦੀ ਧੁਨੀ ਵਾਲੀਆਂ ਵੀ ਹਨ ਜਿਹੜੀਆਂ ਬਸਤੀਵਾਦ ਦੇ ਜਾਬਰ ਪ੍ਰਬੰਧ ਖਿਲਾਫ਼ ਰਾਜਸੀ ਜੰਗ ਵੀ ਲੜਦੀਆਂ ਹਨ। 'ਨਾਮਧਾਰੀ ਲਹਿਰ' ਬਸਤੀਵਾਦ ਦੇ ਪ੍ਰਤਿਰੋਧ ਦੀ ਲਹਿਰ ਹੈ ਜਿਸ ਕੋਲ ਸਿੱਖ ਧਰਮ ਦਾ ਫ਼ਲਸਫ਼ਾ ਵੀ ਹੈ ਅਤੇ ਸਿੱਖ ਪਰੰਪਰਾ ਦਾ ਖਾੜਕੂ ਵਿਰਸਾ ਵੀ ਹੈ। ਇਸ ਲਹਿਰ ਦਾ ਆਪਣਾ ਇਤਿਹਾਸ, ਆਪਣੀ ਵਿਚਾਰਧਾਰਾ ਅਤੇ ਬਸਤੀਵਾਦ ਖਿਲਾਫ਼ ਆਪਣੀ ਰਣਨੀਤੀ ਹੈ ਪਰੰਤੂ ਇਸ ਲਹਿਰ ਦੀ ਵੱਖਰਤਾ, ਵਿਵਧਤਾ, ਵਿਚਾਰਧਾਰਾ ਅਤੇ ਮਹੱਤਤਾ ਦਾ ਵੀ ਭਾਰਤੀ ਇਤਿਹਾਸਕਾਰੀ ਵਿਚ ਚਰਚਾ ਨਹੀਂ ਮਿਲਦਾ। ਹਾਂ, ਤੁਰੇ ਜਾਂਦੇ ਜਾਂਦੇ ਹਵਾਲੇ ਜ਼ਰੂਰ ਮਿਲ ਜਾਂਦੇ ਹਨ।

ਦੇਸ਼ ਦੀ ਆਜ਼ਾਦੀ ਬਾਅਦ ਇਹਨਾਂ ਸੰਪਰਦਾਵਾਂ ਨੇ ਆਪਣੇ-ਆਪਣੇ ਇਤਿਹਾਸਾਂ ਦੀ ਸਿਰਜਣਾ ਕੀਤੀ ਹੈ। ਇਹਨਾਂ ਦੁਆਰਾ ਕੀਤੀ ਇਤਿਹਾਸਕਾਰੀ ਦੇ ਖੇਤਰ ਵਿਚ ਮੈਂ ਨਹੀਂ ਜਾਣਾ। ਮੇਰਾ ਮਕਸਦ ਇੱਥੇ ਅਜਿਹੀਆਂ ਲਹਿਰਾਂ ਦਾ ਲੋਕ ਸਿਮਰਤੀ ਵਿਚ ਟਿਕਿਆ ਹੋਇਆ ਬਿੰਬ ਹੈ। ਲੋਕ ਸਿਮਰਤੀ ਸਥਾਪਤ ਇਤਿਹਾਸਕਾਰੀ ਦੇ ਸਮਾਨਾਂਤਰ ਅਜਿਹੀ ਇਤਿਹਾਸਕਾਰੀ ਦੀ ਸਿਰਜਣਾ ਕਰਦੀ ਹੈ, ਜਿਸ ਨੂੰ ਹਾਕਮ ਜਮਾਤਾਂ ਛੂੰਹਦੀਆਂ ਤੱਕ ਨਹੀਂ। ਅਜਿਹੀਆਂ ਲਹਿਰਾਂ ਪ੍ਰਤੀ ਲੋਕ-ਮਨ, ਲੌਕਿਕ ਅਤੇ ਅਲੌਕਿਕ ਦ੍ਰਿਸ਼ਟੀ ਤੋਂ ਉਹਨਾਂ ਪਾਸਾਰਾਂ ਨਾਲ ਸੰਬੰਧਿਤ ਹੁੰਦਾ ਹੈ, ਜਿਨ੍ਹਾਂ ਨੂੰ ਜਾਂ ਤਾਂ ਲੋਕ ਮਨ ਸਵੀਕਾਰਦਾ-ਪਿਆਰਦਾ ਹੈ ਜਾਂ ਨਫ਼ਰਤ ਅਧੀਨ ਰੱਦ ਕਰਦਾ ਹੈ। ਲੋਕ ਮਨ ਹਾਸ਼ੀਏ 'ਤੇ ਸੁੱਟੇ ਜਾ ਚੁੱਕੇ ਉਨ੍ਹਾਂ ਤੱਤਾਂ-ਤੱਥਾਂ ਨੂੰ ਸਿਮਰਤੀ ਦਾ ਅੰਗ ਬਣਾ ਲੈਂਦਾ ਹੈ ਜਿਨ੍ਹਾਂ ਨੂੰ ਉਹ ਸਵੀਕਾਰ ਕਰ ਚੁੱਕਿਆ ਹੁੰਦਾ ਹੈ। ਲੋਕ-ਮਨ ਦੀ ਪ੍ਰਵਾਨਗੀ 'ਚੋਂ ਹੀ ਲੋਕ ਪਰੰਪਰਾ ਆਪਣਾ ਸਰੂਪ ਧਾਰਦੀ ਹੈ। ਲੋਕ ਮਨੋਵਿਗਿਆਨ ਅਬੋਧ ਨਹੀਂ ਹੁੰਦਾ ਪਰੰਤੂ ਉਸ ਦਾ ਬੋਧ ਲੋਕ ਪਰੰਪਰਾਵਾਂ 'ਤੇ ਆਧਾਰਿਤ ਹੁੰਦਾ ਹੈ। ਇਹ ਵਧੇਰੇ ਕਰਕੇ ਕਿਸੇ ਵਿਸ਼ੇਸ਼ ਗਿਆਨ ਅਨੁਸਾਸ਼ਨ ਵਿਚ ਨਹੀਂ ਬੱਝਿਆ ਹੁੰਦਾ। ਇਸ ਦਾ ਗਿਆਨ ਪਰੰਪਰਾਵਾਂ 'ਚੋਂ ਕਸ਼ੀਦਿਆਂ ਉਹ ਸੱਚ ਜਾਂ ਸਿਆਣਪ ਹੁੰਦੀ ਹੈ ਜੋ ਉਸ ਨੂੰ ਲੋਕ ਵਿਰਾਸਤ ਆਪਣੇ ਪੈਮਾਨਿਆਂ ਦੇ ਰੂਪ ਵਿੱਚ ਦਿੰਦੀ ਹੈ। ਇਥੇ ਇਕ ਪਾਸਾਰ ਵੱਲ ਬਹੁਤ ਸੁਚੇਤ ਰਹਿਣ ਦੀ ਜ਼ਰੂਰਤ ਵੀ ਹੈ ਕਿ ਲੋਕ ਪਰੰਪਰਾ ਆਪਣੇ ਨਾਇਕਾਂ, ਕਥਾਵਾਂ ਅਤੇ ਘਟਨਾਵਾਂ ਨੂੰ ਲੋਕ ਮਨ ਦੀ ਇੱਛਾ ਅਨੁਸਾਰ ਵੀ ਢਾਲ ਲੈਂਦੀ ਹੈ। ਉਸ ਦੀ ਲੋਕ ਪ੍ਰਵਾਨਗੀ ਲਈ ਉਹ ਉਨ੍ਹਾਂ ਤੱਤਾਂ-ਤੱਥਾਂ ਤੋਂ ਪਾਰ ਚਲੀ ਜਾਂਦੀ ਹੈ ਜੋ ਤੱਤ-ਤੱਥ ਹਕੀਕੀ ਰੂਪ ਵਿੱਚ ਹੁੰਦੇ ਨਹੀਂ ਹਨ। ਇਥੋਂ ਹੀ ਲੋਕ ਪਰੰਪਰਾ ਵਿਚ ਮਿੱਥੀਕਰਨ ਦੀ ਸੰਭਾਵਨਾ ਜਾਗ ਪੈਂਦੀ ਹੈ।

ਨਾਮਧਾਰੀ ਲਹਿਰ ਭਾਰਤੀ ਸੁਤੰਤਰਤਾ ਵਿੱਚ ਪਰੰਤੂ ਪੰਜਾਬੀ ਸਮਾਜ ਅਤੇ ਸਭਿਆਚਾਰ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਹਰ ਉਠਣ ਵਾਲੀ ਲਹਿਰ ਜੇ ਇਤਿਹਾਸਕ ਪਰਿਸਥਿਤੀਆਂ ਦੀ ਦੇਣ ਹੁੰਦੀ ਹੈ ਤਾਂ ਉਹ ਇਤਿਹਾਸ ਦੀਆਂ ਕਈ ਲੋੜਾਂ ਦੀ ਪੂਰਤੀ ਵੀ ਕਰਦੀ ਹੈ ਜਾਂ ਪੂਰਤੀ ਕਰਨ ਦਾ ਮਾਧਿਅਮ ਵੀ ਬਣਦੀ ਹੈ। ਜਦੋਂ ਉਹ ਲਹਿਰ ਆਪਣੀਆਂ ਸੰਭਾਵਨਾਵਾਂ ਹੰਢਾ ਲੈਂਦੀ ਹੈ ਤਾਂ ਉਹ ਖ਼ਤਮ ਹੋ ਜਾਂਦੀ ਹੈ। ਜੇ ਉਹ ਖ਼ਤਮ ਨਾ ਹੋਵੇ, ਕਿਸੇ ਨਾ ਕਿਸੇ ਰੂਪ ਵਿਚ ਜਿਉਂਦੀ ਰਹਿ ਰਹੀ ਹੋਵੇ ਤਾਂ ਉਸਦੀ ਸਮਾਜੀ-ਸਭਿਆਚਾਰਕ ਸਾਰਥਕਤਾ ਨਹੀਂ ਰਹਿੰਦੀ। ਉਹ ਲਹਿਰ ਪਰੰਪਰਾ ਸਿਰਜਕੇ ਪਰੰਪਰਾਵਾਦੀ ਬਣਕੇ ਜੜ੍ਹ ਹੋ ਜਾਂਦੀ ਹੈ। ਨਾਮਧਾਰੀ ਲਹਿਰ ਵੀ ਇਤਿਹਾਸ ਦੇ ਇਸ ਤਰਕ ਤੋਂ ਅਛੂਤੀ ਨਹੀਂ ਹੈ। ਇਸ ਲਹਿਰ ਦੀ ਜੋ ਪ੍ਰਸੰਗਕਤਾ ਅਤੇ ਸਾਰਥਕਤਾ ਸੁਤੰਤਰਤਾ ਦੌਰਾਨ ਸੀ, ਸ਼ਾਇਦ ਹੁਣ ਨਹੀਂ ਹੈ।

ਨਾਮਧਾਰੀ ਲਹਿਰ 19 ਵੀਂ ਸਦੀ ਦੇ ਪਿਛਲੇ ਅੱਧ

ਵਿਚ ਪੰਜਾਬ ਦੀ ਧਰਤੀ ਉਪਰ ਦੋਧਾਰੀ ਅਰਥਵੱਤਾ ਵਾਲੀ ਹੈ। ਇਕ ਅਰਥ ਤਾਂ ਇਸ ਦਾ ਸਿੱਖ ਧਰਮ ਦੀਆਂ ਰਵਾਇਤਾਂ, ਉਸ ਦੁਆਰਾ ਸੰਕਲਪੇ-ਚਿਤਵੇ ਉੱਚ ਇਖ਼ਲਾਕੀ ਸਿੱਖ ਦੇ ਸਰੂਪ ਅਤੇ ਸੀਰਤ ਨੂੰ ਮੂਲ ਦਾਰਸ਼ਨਿਕ ਰੂਪ 'ਚ ਪੁਨਰ-ਜੀਵੰਤ ਕਰਨਾ ਸੀ। ਦੂਸਰਾ, ਭਾਰਤ ਵਿਚ ਸਥਾਪਤ ਹੋ ਚੁੱਕੇ ਬਰਤਾਨਵੀ ਬਸਤੀਕਾਰਾਂ ਦੇ ਸੋਸ਼ਣੀ ਪ੍ਰਬੰਧ ਤੋਂ ਮੁਕਤੀ ਸੀ। ਇਨ੍ਹਾਂ ਪਾਸਾਰਾਂ ਦਾ ਬਹੁਤ ਸਾਰਾ ਅਧਿਐਨ ਪ੍ਰਾਪਤ ਹੈ। ਉਸ ਅਧਿਐਨ ਦੀ ਬਹੁਤੀ ਵਿਆਖਿਆ ਦੀ ਇਸ ਥਾਂ ਜ਼ਰੂਰਤ ਨਹੀਂ ਹੈ। ਹਾਂ, ਪਰੰਤੂ ਉਸ ਅਧਿਐਨ ਦੇ ਵਿਸ਼ਲੇਸ਼ਣ ਅਤੇ ਮੁੱਲਾਂਕਣ ਦੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ 'ਚੋਂ ਇਤਿਹਾਸਕਤਾ ਦੀ ਪਛਾਣ ਹੋ ਸਕੇ।

ਲੋਕ ਪਰੰਪਰਾ ਦੇ ਪ੍ਰਮੁੱਖ ਰੂਪ ਲੋਕ ਕਾਵਿ ਵਿੱਚ ਨਾਮਧਾਰੀ ਲਹਿਰ ਦੇ ਬਹੁਤ ਸਾਰੇ ਵੇਰਵੇ ਪ੍ਰਾਪਤ ਹਨ। ਇਹਨਾਂ ਵੇਰਵਿਆਂ ਵਿਚੋਂ ਨਾਮਧਾਰੀ ਲਹਿਰ ਦੇ ਵਿਭਿੰਨ ਪਾਸਾਰਾਂ ਦੀ ਨਿਸ਼ਾਨਦੇਹੀ ਹੁੰਦੀ ਹੈ, ਜਿਨ੍ਹਾਂ ਦੀ ਵਿਚਾਰਧਾਰਕ ਪੜ੍ਹਤ ਤਿਆਰ ਕਰਨੀ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਲਹਿਰ ਨੇ ਲੋਕ ਮਨ ਵਿਚ ਆਪਣੀ ਥਾਂ ਬਣਾ ਕੇ ਪੰਜਾਬੀ ਅਵਚੇਤਨ ਦੀ ਉਸਾਰੀ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਦੂਸਰਾ, ਇਹ ਵੀ ਹੈ ਕਿ ਨਾਮਧਾਰੀ ਲਹਿਰ ਦਾ ਬਿੰਬ ਅਤੇ ਇਤਿਹਾਸ ਜੋ ਲੋਕ-ਸਿਮਰਤੀ ਵਿਚ ਸਾਂਭਿਆ ਪਿਆ ਹੈ, ਉਸਦਾ ਸਰੂਪ ਅਤੇ ਸੁਭਾਅ ਕਿਹੋ ਜਿਹਾ ਹੈ ਕਿਉਂਕਿ ਲੋਕ ਸਿਮਰਤੀ ਕਿਸੇ ਵੀ ਕੌਮ ਜਾਂ ਕੌਮੀਅਤ ਦੀ ਉਹ ਧਰੋਹਰ ਹੁੰਦੀ ਹੈ, ਜਿਸ ਦਾ ਮਾਨਵੀ ਭਵਿੱਖ ਸਿਰਜਣ ਵਿਚ ਅਹਿਮ ਰੋਲ ਹੁੰਦਾ ਹੈ।

ਨਾਮਧਾਰੀ ਲਹਿਰ ਦੀ ਚਰਚਾ ਕਰਨ ਤੋਂ ਪਹਿਲਾਂ ਬਰਤਾਨਵੀ ਬਸਤੀਕਾਰਾਂ ਨੂੰ ਲੋਕ ਮਨ ਕਿਵੇਂ ਪ੍ਰਗਟਾਉਂਦਾ ਹੈ, ਉਸ ਵੱਲ ਸੰਕੇਤ ਕਰਨਾ ਜ਼ਰੂਰੀ ਹੈ ਕਿਉਂਕਿ ਲੋਕ ਮਨ ਦਾ ਪ੍ਰਗਟਾਵਾ ਬਾਹਰਲੇ/ਅਜਨਬੀ ਪ੍ਰਤੀ ਅਸਵੀਕ੍ਰਿਤੀ ਦਾ ਹੀ ਨਹੀਂ ਹੁੰਦਾ ਉਸ ਵਿਚ ਸਵੀਕ੍ਰਿਤੀ ਵੀ ਕਿਤੇ ਨਾ ਕਿਤੇ ਪਈ ਹੁੰਦੀ ਹੈ।

- ਬੱਚੇ ਮਰਨ ਫਰੰਗੀਆ ਤੇਰੇ,
ਨਿੱਤ ਰਹੇ ਲਾਮਾਂ ਛੇੜਦਾ।
- ਕਿੱਥੇ ਲਿਖਿਆ ਫਰੰਗੀਆ ਦੱਸ ਵੇ,
ਰੰਨਾਂ ਵਾਲੇ ਜੰਗ ਜਿੱਤਦੇ।
- ਕਾਲੀ ਛੱਤਰੀ ਨਹਿਰ ਦੀ ਪਟੱੜੀ,
ਬੰਗਲੇ 'ਚੋਂ ਮੇਮ ਨਿੱਕਲੀ।
- ਮੇਰਾ ਲਿਖ ਰੰਡੀਆਂ ਵਿਚ ਨਾਮਾਂ,
ਬਸਰੇ ਨੂੰ ਜਾਣ ਵਾਲਿਆ।
- ਵਸਣਾ ਨੌਕਰ ਦੇ,
ਭਾਵੇਂ ਬੂਟ ਸਣੇ ਲੱਤ ਮਾਰੇ।
- ਖੱਦਰਾ ਰਾਹ ਛੱਡਦੇ,
ਇੱਥੇ ਆ ਗਿਆ ਮਾਲ ਵਲੈਤੀ।
- ਲੋਕੀਂ ਪਹਿਨਦੇ ਵਲੈਤੀ ਟੋਟੇ,
ਮੈਂ ਫੂਕਾਂ ਫੁਲਕਾਰੀ।

ਉਪਰੋਕਤ ਲੋਕ ਟੱਪਿਆਂ ਵਿਚ ਬਸਤੀਕਾਰਾਂ ਪ੍ਰਤੀ ਤਿੱਖਾ ਵਿਰੋਧ ਵੀ ਹੈ ਅਤੇ ਉਹਨਾਂ ਦੀ ਸਵੀਕ੍ਰਿਤੀ ਵੀ ਹੈ। ਨੌਕਰ ਦੇ ਵੱਸਣ ਦੀ ਇੱਛਾ, ਵਲਾਇਤੀ ਮਾਲ ਦੇ ਪਹਿਨਣ ਦੀ ਚਾਹਤ ਦੇ ਸੰਕੇਤ ਆਰਥਿਕਤਾ ਅਤੇ ਉਪਭੋਗਤਾ ਪ੍ਰਤੀ ਤਾਂ ਸੰਕੇਤ ਕਰਦੇ ਹੀ ਹਨ ਪਰੰਤੂ ਬਾਹਰਲੀ ਸਭਿਆਚਾਰਕ ਆਮਦ ਲਈ ਪ੍ਰਾਪਤੀ ਦੀ ਲਲਸਾਈ ਚਾਹਤ ਵੀ ਹਨ। ਇਸ ਦਾ ਭਾਵ ਇਥੇ ਐਨਾ ਕੁ ਹੀ ਹੈ ਕਿ ਲੋਕ ਪਰੰਪਰਾ ਸਿੱਧੀ ਸਾਦੀ ਨਹੀਂ ਹੁੰਦੀ, ਇਹ ਜਟਿਲ ਅਤੇ ਵਿਰੋਧਾਭਾਸੀ ਵੀ ਹੁੰਦੀ ਹੈ ਪਰੰਤੂ ਇਸ ਵਿਚ ਜੀਵੰਤ ਲੋਕ ਜੀਵਨ, ਜੀਵਨ ਵਿਹਾਰ ਅਤੇ ਜੀਵਨ ਦ੍ਰਿਸ਼ਟੀ ਦੇ ਜੀਵੰਤ ਪ੍ਰਮਾਣ ਹੁੰਦੇ ਹਨ।

ਲੋਕ ਕਾਵਿ ਵਿਚੋਂ ਨਾਮਧਾਰੀ ਲਹਿਰ ਦੀ ਪਛਾਣ ਕਰਦਿਆਂ ਇਕ ਸੂਖ਼ਮ ਜਿਹਾ ਅੰਤਰ ਇਹ ਵੀ ਹੈ ਕਿ ਇਸ ਕਾਵਿ ਸਿਰਜਣਾ ਪਿੱਛੇ ਉਹ ਮਨ ਕਾਰਜਸ਼ੀਲ ਹੈ, ਜਿਸਦੀ ਨਾਮਧਾਰੀ ਲਹਿਰ ਨਾਲ ਸਾਂਝ ਹੈ। ਦੂਜਾ, ਉਹ ਲੋਕ ਕਾਵਿ ਹੈ ਜਿਸ ਵਿਚ ਲੋਕ ਮਨ ਨਾਮਧਾਰੀ ਲਹਿਰ ਨਾਲ ਤਦਰੂਪ ਤਾਂ ਨਹੀਂ ਪਰੰਤੂ ਉਸ ਲਹਿਰ ਪ੍ਰਤੀ ਆਪਣਾ ਹੁੰਗਾਰਾ ਭਰਦਾ ਹੈ।

ਸਭ ਤੋਂ ਪਹਿਲਾ ਪਾਸਾਰ ਤਾਂ ਨਾਮਧਾਰੀ ਲਹਿਰ ਦੀ ਪਛਾਣ ਦਾ ਹੈ। ਲੋਕ ਕਾਵਿ ਦੇ ਵੱਡੇ ਹਿੱਸੇ ਵਿਚ ਨਾਮਧਾਰੀ ਲਹਿਰ ਨੂੰ 'ਕੂਕੇ' ਸ਼ਬਦ ਰਾਹੀਂ ਰੂਪਾਂਤਰਣ ਮਿਲਿਆ ਹੈ ਜਿਹੜਾ ਉਹਨਾਂ ਦੀਆਂ ਉੱਚੀਆਂ ਆਵਾਜ਼ਾਂ ਅਤੇ ਕੀਰਤਨ ਦੀ ਪਰੰਪਰਾ ਦਾ ਸਮਾਨਾਰਥੀ ਹੈ। ਲੋਕ ਕਾਵਿ ਦੇ ਕੁਝ ਅੰਗਾਂ 'ਚੋਂ ਗੁਜ਼ਰਦੇ ਹਾਂ-

- ਕੂਕੇ ਬੜੇ ਕਸੂਤੇ
ਪਾਣੀ ਨਾ ਪੀਂਦੇ ਬੋਕੇ ਦਾ।
- ਕੂਕੇ ਬੜੇ ਕਸੂਤੇ
ਗੜਬਾ ਨਾ ਦਿੰਦੇ ਨਾਉਣ ਨੂੰ।
- ਕੱਛੇ ਡੋਲ ਤੇ ਵਾਹਿਗੁਰੂ ਬੋਲੀ
ਬਣ ਜਾਏਂ ਨਾਮਧਾਰੀਆ।
- ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿਚ ਗੜਵਾ ਰੱਖਦੇ
ਗਲ ਵਿਚ ਉੱਨ ਦੀ ਮਾਲਾ।
ਅੰਗਰੇਜ਼ਾਂ ਦੀ ਨਾ ਈਨ ਮੰਨਦੇ

ਮੰਗਿਆਂ ਦੇਣ ਨਾ ਹਾਲਾ।
ਰਾਜ ਅੰਗਰੇਜ਼ਾਂ ਦਾ
ਚੰਦ ਰੋਜ਼ ਦਾ ਚਾਲਾ।
- ਉਹ ਘਰ ਕੂਕਿਆਂ ਦਾ
ਜਿੱਥੇ ਛੈਣੇ ਢੋਲਕੀ ਖੜਕੇ (ਬੁੜਕੇ)।
- ਥਾਲੀ ਭੰਨ ਕੇ ਬਣਾ ਲਏ ਛੈਣੇ
ਬੱਲੇ ਬੱਲੇ ਕੂਕਿਆਂ ਦੇ।
- ਮੇਰੇ ਛੈਣਿਆਂ 'ਚੋਂ 'ਹਰਿ' 'ਹਰਿ' ਬੋਲੇ
ਢੋਲਕੀ 'ਚੋਂ ਰਾਮ ਬੋਲਦਾ।

ਇਨ੍ਹਾਂ ਕਾਵਿ ਟੁੱਕੜਿਆਂ ਵਿੱਚ ਨਾਮਧਾਰੀਆਂ ਦੀ ਬਾਹਰੀ ਅਤੇ ਅੰਦਰੂਨੀ ਪਛਾਣ ਦੇ ਸੰਕੇਤ ਮਿਲਦੇ ਹਨ। 'ਕੂਕਿਆਂ ਦਾ ਪੰਥ ਨਿਰਾਲਾ' ਇਹ ਸਥਾਪਤ ਕਰ ਦਿੰਦਾ ਹੈ ਕਿ ਇਹ ਪੰਜਾਬੀ ਸਮਾਜ ਵਿੱਚ ਵੱਖਰੀ ਲਹਿਰ ਹੈ। ਲੋਕ ਪਰੰਪਰਾ ਅਨੁਸਾਰ ਜੋ ਲਹਿਰ, ਕੰਮ ਜਾਂ ਕਾਰਨਾਮਾ ਪਰੰਪਰਾ ਤੋਂ ਵੱਖਰਾ ਹੋਵੇ ਤੇ 'ਆਪਣੇ ਜਿਹਾ' ਹੀ ਹੋਵੇ, ਉਹ ਨਿਰਾਲਾ ਹੁੰਦਾ ਹੈ। ਇਸ ਨਿਰਾਲੇਪਣ ਵਿਚ ਉਹ ਮਨੁੱਖੀ ਜੀਵਨ-ਜਾਚ ਵਿਚ ਤਬਦੀਲੀ ਲਿਆਉਂਦੇ ਹਨ। ਇਥੇ ਇਸ ਗੱਲ ਦਾ ਵੀ ਸੰਕੇਤ ਮਿਲ ਜਾਂਦਾ ਹੈ ਕਿ ਜਿਹੜਾ ਕੁਝ ਮਨੁੱਖੀ ਜੀਵਨ ਵਿਹਾਰ ਦਾ ਅੰਗ ਬਣਾ ਦਿੱਤਾ ਜਾਂਦਾ ਹੈ ਭਾਵੇਂ ਉਹ ਰਵਾਇਤ ਦੇ ਰੂਪ ਵਿਚ ਹੋਵੇ ਤੇ ਭਾਵੇਂ ਸੰਸਥਾਈ ਰੂਪ ਵਿਚ ਹੋਵੇ, ਉਹੋ ਮਨੁੱਖੀ ਅਵਚੇਤਨ ਦਾ ਹਿੱਸਾ ਬਣਦਾ ਹੈ। ਨਾਮਧਾਰੀ ਲਹਿਰ ਮਨੁੱਖ ਦੀ 'ਸਵੈ-ਸ਼ੁੱਧਤਾ' ਨਾਲ ਸੁਚੇਤ ਤੌਰ 'ਤੇ ਸੰਬੰਧਿਤ ਹੈ। ਇਸ ਕਰਕੇ ਹੱਥ ਵਿਚ ਗੜਵਾ, ਉੱਨ ਦੀ ਮਾਲਾ ਆਦਿ ਮਹਿਜ਼ ਬਾਹਰੀ ਚਿਹਨ ਨਹੀਂ ਹਨ ਸਗੋਂ ਉਨ੍ਹਾਂ ਦੇ 'ਸਵੈ-ਸ਼ੁੱਧਤਾ' ਨਾਲ ਜੁੜੇ ਚਿਹਨ ਹਨ। ਬੋਕੇ (ਚਮੜਾ) ਦਾ ਪਾਣੀ ਨਾ ਪੀਣਾ (ਸ਼ਾਕਾਹਾਰੀ ਜੀਵਨ ਦੀ ਸ਼ੁੱਧਤਾ), ਆਪਣਾ ਗੜਵਾ ਦੂਸਰੇ ਨੂੰ ਨਾ ਦੇਣਾ ਆਦਿ ਉਨ੍ਹਾਂ ਦੀ ਜੀਵਨ-ਵਿਹਾਰ ਦੀ ਵਿਚਾਰਧਾਰਕ ਪੱਧਤੀ ਦੇ ਚਿਹਨ ਹਨ, ਜਿਹੜੇ ਉਹਨਾਂ ਦੀ ਵੱਖਰੀ ਪਛਾਣ ਨਿਰਧਾਰਤ ਕਰ ਦਿੰਦੇ ਹਨ। ਛੈਣੇ ਅਤੇ ਢੋਲਕੀ ਸਿੱਖ ਧਰਮ ਵਿਚ ਰਵਾਇਤ ਬਣ ਚੁੱਕੀ ਕੀਰਤਨ ਪਰੰਪਰਾ ਦੀ ਨਿਰੰਤਰਤਾ ਹੈ ਪਰੰਤੂ ਇਹ 'ਘਰ ਘਰ ਵਿਚ ਧਰਮਸਾਲ' ਦਾ ਰੂਪ ਹੈ। ਇਉਂ ਇਹ ਲਹਿਰ ਸਿੱਖ ਧਰਮ ਦੀ ਭਾਵਨਾ ਰਵਾਇਤ ਦਾ ਅਨੁਸਰਨ ਕਰਦੀ ਹੋਈ ਕੁਝ ਆਪਣੇ ਵੱਲੋਂ ਇਸ ਵਿਚ ਵਾਧੇ ਕਰਦੀ ਹੈ। ਇਹ ਸਿਰਫ਼ 'ਨਾਮ ਲੇਵਾ' ਪਰੰਪਰਾ ਹੀ ਨਹੀਂ ਬਣਦੀ ਸਗੋਂ ਆਪਣੇ 'ਨਿਰਾਲੇ ਪੰਥ' ਦੇ ਬੀਜ ਵੀ ਬੀਜਦੀ ਹੈ, ਜਿਹੜੇ ਭਵਿੱਖ ਵਿਚ ਸਿੱਖ ਧਰਮ ਅੰਦਰ ਵੱਖਰੀ ਸੰਪਰਦਾ ਵਜੋਂ ਆਪਣੀ ਵੱਖਰਤਾ ਸਥਾਪਤ ਕਰਦੇ ਹਨ। ਇਨ੍ਹਾਂ ਟੱਪਿਆਂ ਵਿਚ ਵਰਤਿਆ ਗਿਆ ਲੋਕ ਰਹਿਤਲ ਦਾ ਚਿਹਨ 'ਕਸੂਤੇ' ਬਹੁਤ ਧਿਆਨ ਦੀ ਮੰਗ ਕਰਦਾ ਹੈ। ਕੂਕੇ ਕਸੂਤੇ ਕਿਉਂ ਹਨ? ਇਹ ਪ੍ਰਸ਼ਨ ਉੱਠਦਾ ਹੈ। ਇਸ ਚਿਹਨ ਦਾ ਵਿਸਥਾਰ ਸਮੁੱਚੀ ਨਾਮਧਾਰੀ ਲਹਿਰ ਵਿਚ ਦੇਖਿਆ ਜਾ ਸਕਦਾ ਹੈ। ਕਸੂਤੇ ਇਸ ਲਈ ਹਨ ਕਿ ਪਰੰਪਰਾ ਅਨੁਸਾਰ ਵਹਿ ਰਹੇ ਮਨੁੱਖ ਦੇ ਸਮਾਨਾਂਤਰ ਇਹ ਵੱਢ ਮਾਰਦੇ ਹਨ। ਮਨੁੱਖੀ ਜੀਵਨ ਸ਼ੈਲੀ ਵਿਚ ਪਰਿਵਰਤਨ ਕਰਦੇ ਹਨ। ਦੂਸਰਾ, ਕਸੂਤੇ ਇਸ ਲਈ ਹਨ ਕਿਉਂਕਿ ਉਹ ਸਮੇਂ ਦੇ ਸਥਾਪਤ ਨਿਜ਼ਾਮ ਨਾਲ ਟੱਕਰ ਲੈਂਦੇ ਹਨ। ਜਿੱਥੇ ਉਸ ਸਮੇਂ ਭਾਰਤ ਦੀ ਵੱਡੀ ਲੋਕਾਈ ਬਸਤੀਕਾਰਾਂ ਦੀ ਈਨ ਮੰਨ ਰਹੀ ਹੈ, ਗੁਲਾਮ ਬਣ ਚੁੱਕੀ ਹੈ, ਉਥੇ ਨਾਮਧਾਰੀ ਈਨ ਮੰਨਣ ਤੋਂ ਇਨਕਾਰ ਕਰਦੇ ਹਨ। ਇਸੇ ਕਰਕੇ ਉਹ ਕਸੂਤੇ ਹਨ ਅਤੇ ਉਨ੍ਹਾਂ ਦਾ ਰਾਹ ਜੀਵਨ ਸ਼ੈਲੀ ਦੇ ਨਾਲ-ਨਾਲ ਰਾਜਸੀ ਪੱਧਰ 'ਤੇ ਨਿਰਾਲਾ ਹੈ। ਤੀਸਰਾ, ਉਨ੍ਹਾਂ ਦੀ ਪਛਾਣ ਵੱਖਰੀ ਹੈ ਕਿਉਂਕਿ ਜਿੱਥੇ ਛੈਣੇ ਤੇ ਢੋਲਕੀ ਖੜਕਦੇ ਹਨ, ਉਹ ਐਲਾਨੀਆ ਪੱਧਰ ਉਪਰ ਆਪਣੀ ਹਾਜ਼ਰੀ ਦਰਜ ਕਰਵਾਉਂਦੇ ਹਨ। ਆਪਣੀ ਪਛਾਣ ਦੀ ਪ੍ਰਮਾਣਿਕਤਾ ਲਈ 'ਥਾਲੀ ਭੰਨਕੇ ਛੈਣੇ ਬਣਾ ਲੈਣਾ' ਉਨ੍ਹਾਂ ਲਈ ਸਹਿਜ ਵਰਤਾਰਾ ਹੈ। ਇਉਂ ਲੋਕ ਕਾਵਿ ਵਿੱਚੋਂ ਮਿਲਦੇ ਇਹ ਪਾਸਾਰ ਬਹੁਤ ਮਹੱਤਵਪੂਰਨ ਇਸ ਲਈ ਹਨ ਕਿ ਉਹ 'ਪਛਾਣ' ਦੇ ਮਸਲੇ ਨੂੰ ਸਭਿਆਚਾਰਕ ਹੋਂਦ ਲਈ ਵੀ ਸਥਾਪਤ ਕਰਦੇ ਹਨ ਅਤੇ ਰਾਜਸੀ ਹੋਂਦ ਲਈ ਵੀ ਸਥਾਪਤ ਕਰਦੇ ਹਨ। ਕਿਸੇ ਵੀ ਲਹਿਰ, ਦਲ ਜਾਂ ਤਬਕੇ ਦਾ ਪ੍ਰਤਿਰੋਧ ਦਾ ਸਭ ਤੋਂ ਵੱਡਾ ਮਸਲਾ ਆਪਣੀ ਵੱਖਰੀ ਹੋਂਦ ਅਤੇ ਪਛਾਣ ਦੀ ਪ੍ਰਮਾਣਿਕ ਸਥਾਪਤੀ ਦਾ ਹੈ। ਗ਼ਾਲਬ ਜਮਾਤਾਂ, ਗ਼ਾਲਬ ਵਿਚਾਰਧਾਰਾ ਹਮੇਸ਼ਾ ਦੂਜੇ ਦੀ ਹੋਂਦ ਅਤੇ ਪਛਾਣ ਨੂੰ ਖ਼ਤਮ ਕਰਕੇ ਹੀ ਆਪਣੀ ਪ੍ਰਭੂਸੱਤਾ ਨੂੰ ਬਣਾਈ ਰੱਖਦੀ ਹੈ। ਇਹ ਪ੍ਰਭੂਸੱਤਾ ਹੋਰਨਾਂ ਪਛਾਣਾਂ ਜਾਂ ਹੋਂਦ ਉਪਰ ਲਗਾਤਾਰ ਦਮਨ ਦੀ ਸਥਿਤੀ ਬਣਾ ਕੇ ਆਪਣੀ ਪ੍ਰਭੂਸੱਤਾ ਨੂੰ ਸ਼ਕਤੀਸ਼ਾਲੀ ਰੂਪ 'ਚ ਮਨੁੱਖੀ ਅਵਚੇਤਨ ਦਾ ਅੰਗ ਬਣਾਈ ਰੱਖਦੀ ਹੈ। ਨਾਮਧਾਰੀ ਲਹਿਰ ਦੇ ਇਸ ਪ੍ਰਤਿਰੋਧ ਨੂੰ ਲੋਕ-ਮਨ ਬਹੁਤ ਖ਼ੂਬਸੂਰਤੀ ਨਾਲ ਪ੍ਰਗਟਾਵਾ ਦਿੰਦਾ ਹੋਇਆ ਇਸ ਦੀ ਵੱਖਰੀ ਪਛਾਣ ਅਤੇ ਮੌਲਿਕਤਾ ਨੂੰ ਲੋਕ ਸਿਮਰਤੀ ਵਿਚ ਸਾਂਭਦਾ ਹੈ।

ਨਾਮਧਾਰੀ ਲਹਿਰ ਦੋਧਾਰੀ ਲਹਿਰ ਹੈ। ਇਕ ਪਾਸੇ ਪੰਜਾਬੀ ਮਨੁੱਖ ਵਿਸ਼ੇਸ਼ ਕਰਕੇ ਸਿੱਖੀ ਵਿਸ਼ਵਾਸ਼ ਵਾਲੇ ਮਨੁੱਖ ਨੂੰ ਸ਼ੁੱਧ ਆਚਰਨ ਵਿਚ ਢਾਲਣ ਦਾ ਪ੍ਰਯਤਨ ਕਰਦੀ ਹੈ ਅਤੇ ਦੂਜੇ ਪਾਸੇ ਸਥਾਪਤ ਨਿਜ਼ਾਮ ਦੇ ਸਮਾਨਾਂਤਰ ਬਸਤੀਵਾਦ ਦਾ ਵਿਰੋਧ ਵੀ ਕਰਦੀ ਹੈ ਅਤੇ ਆਪਣੀਆਂ ਸਵਦੇਸ਼ੀ ਰਵਾਇਤਾਂ ਵੀ ਆਰੰਭ ਕਰਦੀ ਹੈ। ਕਿਧਰੇ-ਕਿਧਰੇ ਇਹ ਦੋਵੇਂ ਪਾਸਾਰ ਵੀ ਆਪਸ ਵਿਚ ਰਚ-ਮਿਚ ਜਾਂਦੇ ਹਨ। ਇਸ ਲਹਿਰ ਦੇ 'ਸਭਿਆਚਾਰਕ ਪਾਸਾਰ' ਪਿੱਛੇ ਗੁਰਮਤਿ ਅਵਚੇਤਨ ਵੀ

ਕਾਰਜਸ਼ੀਲ ਹੈ ਅਤੇ ਇਨ੍ਹਾਂ ਦਾ ਸਥਿਤੀਆਂ ਅਨੁਸਾਰ ਉਸਰਿਆ ਉਹ ਘਟਨਾਵੀ ਵਰਤਾਰਾ ਅਤੇ ਤਰਕ ਵੀ ਹੈ ਜਿਹੜਾ ਗੁਰਮਤਿ ਦ੍ਰਿਸ਼ਟੀ ਦੇ ਅਨੁਕੂਲ ਨਹੀਂ ਹੈ। ਇਸ ਕਰਕੇ ਇਸ ਵਿਚ ਹਿੰਸਕ ਭਾਵਨਾ ਵੀ ਵਾਰ-ਵਾਰ ਉਬਾਲੇ ਖਾਂਦੀ ਹੈ। ਪਹਿਲਾਂ ਕੁਝ ਲੋਕ ਕਾਵਿ ਦੇ ਟੁੱਕੜਿਆਂ ਦਾ ਪਾਠ ਜ਼ਰੂਰੀ ਹੈ।

- ਦੜੂੰ ਦੜੂੰ ਕਿ ਢਹਿੰਦੀ ਦੀਂਹਦੀ ਐ
ਦੜੂੰ ਦੜੂੰ ਕਿ ਮਾੜੀ ਗੁੱਗੇ ਦੀ।
ਦੜੂੰ ਦੜੂੰ ਕਿ ਮਾਤਾ ਰਾਣੀ ਨਹੀਂ ਛੱਡਣੀ
ਦੜੂੰ ਦੜੂੰ ਕਿ ਜੰਡੀਆਂ ਵੱਢ ਦੇਣੀਆਂ।

- ਮਾੜੀਆਂ ਟੁੱਟਣਗੀਆਂ
ਨਹੀਂ ਚੌਪਟੀਏ ਨੂੰ ਮੰਨਣਾ।

- ਪੀਰਖਾਨੇ ਢਾਹ ਸੁੱਟਣੇ
ਇੱਟ ਰਾਮ ਸਰਾਣੇ ਲਾਉਣੀ।

- ਕਾਜੀ ਬਾਂਗ ਨਾ ਮਸੀਤੀਂ ਦੇਵੇ
ਡਰ ਮਾਰੇ ਖਾਲਸੇ ਦਾ।

- ਜੰਞੂ ਤੋੜੀਏ ਤੇ ਬੋਦੀ ਨੂੰ ਮਰੋੜੀਏ
ਟੋਭੇ 'ਚ ਲੁਆਈਏ ਚੁੱਭੀਆਂ।

- ਇੱਖ ਦਾ ਵੈਰੀ ਧਾਮਣ ਐ
ਸਿੱਖ ਦਾ ਵੈਰੀ ਬਾਮਣ ਐ।

- ਜਦੋਂ ਸ਼ੇਰ ਮਦਾਨ ਵਿਚ ਗੱਜਿਆ
ਬਾਹਮਣਾਂ ਦੀ ਧਾਹ ਨਿੱਕਲੀ।

- ਜਿੱਥੇ ਕੂਕਿਆਂ ਦਾ ਢੋਲਕ ਘੂਕੇ
ਬਾਮਣਾਂ ਦੇ ਪੁੱਤ ਮਰ ਗਏ।

- ਤੈਨੂੰ ਰਾਮ ਸੱਤ ਨਾ ਕਹਿਣੀ
ਬਾਹਮਣਾਂ ਮੰਗ ਖਾਣਿਆ।

- ਤੇਰੀ ਮੀਮੋ ਦਾ ਦੁੱਧ ਨਹੀਂ ਪੀਣਾ
ਬੇਲ ਖਾਧੀ ਬਾਮਣਾਂ ਦੀ।

- ਪੁੱਤ ਮਰਨ ਬਾਹਮਣਾਂ ਤੇਰੇ
ਕੂਕਿਆਂ ਨੂੰ ਲਾਵੇਂ ਤੁਹਮਤਾਂ।

- ਕਾਹਨੂੰ ਨਾਲ ਸਿੰਘਾਂ ਦੇ ਖਹਿੰਦਾ
ਬਾਹਮਣਾ ਮੰਗ ਖਾਣਿਆ।

- ਹੁੱਕੇ ਭੰਨ ਤੇ ਲਲਤੋਂ ਆ ਕੇ
ਕਾਹਨ ਸਿੰਘ ਕੂਕੇ ਨੇ।

ਉਪਰੋਕਤ ਕਾਵਿ ਟੁਕੜਿਆਂ ਵਿਚ ਹਿੰਸਾ, ਨਫ਼ਰਤ, ਈਰਖਾ, ਦੁਸ਼ਮਣੀ, ਗੁੱਸਾ, ਵਿਰੋਧ, ਫਿਰਕੂ ਨਫ਼ਰਤ ਆਦਿ ਦੇ ਭਾਵ ਰੱਲਗੱਡ ਹੋਏ ਪਏ ਹਨ। ਗੁਰਮਤਿ ਦਰਸ਼ਨ ਅੰਧ-ਵਿਸ਼ਵਾਸ਼, ਕਰਮ-ਕਾਂਡ, ਵਹਿਮ ਭਰਮ ਆਦਿ ਦਾ ਸਖ਼ਤ ਵਿਰੋਧੀ ਹੈ ਅਤੇ ਇਕ ਪ੍ਰਮਾਤਮਾ ਦੀ ਹੋਂਦ ਨੂੰ ਹੀ ਸਰਬ ਸ੍ਰੇਸ਼ਟ ਪ੍ਰਵਾਨ ਕਰਦਾ ਹੈ। ਪਰੰਤੂ ਉਹ ਦੂਸਰੇ ਵਿਸ਼ਵਾਸ਼ ਦੇ ਧਾਰਨੀ ਲੋਕਾਂ ਨੂੰ ਤਹਿਸ ਨਹਿਸ ਨਹੀਂ ਕਰਦਾ। ਉਹ ਤਾਂ ਉਨ੍ਹਾਂ ਵਿਸ਼ਵਾਸ਼ਾਂ ਵਿਚ ਸਥਿਤ ਸੋਸ਼ਣ ਦੀ ਪਰਤ ਨੂੰ ਫੜਕੇ ਮਨੁੱਖ ਨੂੰ ਸੁਚੇਤ ਕਰਦਾ ਹੈ ਕਿ 'ਸੱਚ' ਤਾਂ ਕਿਧਰੇ ਹੋਰ ਹੈ। ਉਸ ਦਰਸ਼ਨ ਅੰਦਰ ਦੂਸਰੇ ਦੀ ਹੋਂਦ ਨੂੰ ਮਿਟਾ ਦੇਣ ਦਾ ਸੰਕਲਪ ਨਹੀਂ ਹੈ। ਲੋਕ ਮਨ ਨਾਮਧਾਰੀ ਲਹਿਰ ਦੇ ਅੰਦਰ ਇਸ ਹਿੰਸਕ ਵਰਤਾਰੇ ਨੂੰ ਉਸਦੀ ਨਫ਼ਰਤ ਅਤੇ ਗੁਸੈਲ ਭਾਵਨਾ ਤਹਿਤ ਪ੍ਰਗਟਾਉਂਦਾ ਹੈ। ਉਪਰੋਕਤ ਕਾਵਿ ਟੁਕੜਿਆਂ ਵਿਚ ਪ੍ਰਾਪਤ ਬੋਧ ਹਿੰਦੂ ਧਰਮ, ਇਸਲਾਮ, ਨਿਮਨ ਜਾਤੀਆਂ ਦੇ ਵਿਸ਼ਵਾਸ਼ ਅਤੇ ਲੋਕਧਾਰਾਈ ਵਿਸ਼ਵਾਸ਼ਾਂ ਦੇ ਨਾਲ-ਨਾਲ ਜਾਤੀਗਤ ਤੌਰ 'ਤੇ ਬ੍ਰਾਹਮਣਾਂ ਪ੍ਰਤੀ ਦਵੈਸ਼ ਭਾਵਨਾ ਨੂੰ ਪ੍ਰਗਟ ਕਰਦਾ ਹੈ। ਇਹ ਭਾਵਨਾ ਨਾਮਧਾਰੀ ਲਹਿਰ ਦੇ ਨਕਾਰਾਤਮਕ ਪਾਸਾਰ ਨੂੰ ਸਾਹਮਣੇ ਲਿਆਉਂਦੀ ਹੈ। ਗੁੱਗੇ ਦੀ ਮਾੜੀ, ਪੀਰਖਾਨਾ, ਮਾਤਾ ਰਾਣੀ ਆਦਿ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਸਿਰਫ਼ ਧਾਰਮਿਕ ਚਿਹਨ ਹੀ ਨਹੀਂ ਹਨ ਸੰਯੁਕਤ ਪੰਜਾਬੀ ਸਭਿਆਚਾਰ ਵਿੱਚ ਵੱਸਦੇ ਵਿਭਿੰਨ ਸਮੁਦਾਇ ਦੇ ਵਿਸ਼ਵਾਸ਼ ਵੀ ਹਨ। ਇਨ੍ਹਾਂ ਵਿਸ਼ਵਾਸ਼ਾਂ ਅਤੇ ਧਰਮਾਂ ਨੂੰ ਨੇਸਤੋ-ਨਾਬੂਦ ਕਰ ਦੇਣਾ, ਦੂਜੀ ਸਮੁਦਾਇ ਦੀ ਹੋਂਦ ਤੋਂ ਮੁਨਕਰ ਹੋਣ ਬਰਾਬਰ ਹੈ। ਜੰਞੂ ਤੋੜਨਾ, ਬੋਦੀ ਮਰੋੜਨਾ, ਮੜ੍ਹੀਆਂ ਢਾਹੁਣੀਆਂ, ਪੀਰਖਾਨੇ ਖ਼ਤਮ ਕਰਨੇ, ਕਾਜੀ ਦਾ ਡਰਕੇ ਬਾਂਗ ਨਾ ਦੇਣਾ ਆਦਿ ਹਿੰਸਕ ਭਾਸ਼ਾ ਸਿੱਖ ਮੂਲਵਾਦ ਪੈਦਾ ਕਰਨ ਵਾਲੀ ਹੈ। ਇਥੇ ਪਹੁੰਚ ਕੇ ਲੋਕ ਕਾਵਿ ਨਾਮਧਾਰੀ ਵਿਚਾਰਧਾਰਾ ਨੂੰ ਗੁਰਮਤਿ ਦਰਸ਼ਨ ਅਤੇ ਵਿਚਾਰਧਾਰਾ ਵਿਚ ਤਣਾਓ ਅਤੇ ਵਿਰੋਧ ਨੂੰ ਅੰਕਿਤ ਕਰਦਾ ਹੈ। ਲੋਕ ਮਨ ਕਿਸੇ ਵੀ ਸੰਪਰਦਾਇ ਦੀ ਵਿਸ਼ਿਸ਼ਟਤਾ ਦਾ ਧਾਰਨੀ ਨਹੀਂ ਹੁੰਦਾ, ਇਹ ਲੋਕ ਪਰੰਪਰਾ ਦਾ ਧਾਰਨੀ ਹੁੰਦਾ ਹੈ। ਭਾਰਤੀ ਸਮਾਜ ਜਿਹੜਾ ਜਾਤ-ਪਾਤੀ ਸੰਰਚਨਾ 'ਚ ਜਕੜਿਆ ਹੋਇਆ ਹੈ, ਇਸ ਵਿਚ ਲੋਕ ਮਨ ਦਾ ਪ੍ਰਗਟਾਵਾ ਜਾਤੀ ਪੱਧਰ 'ਤੇ ਉਤਰ ਆਉਂਦਾ ਹੈ। ਵਿਅਕਤੀ ਨਹੀਂ ਹੁੰਦਾ, ਉਸਦੀ ਜਾਤ ਹੁੰਦੀ ਹੈ। ਇਹੋ ਜਾਤ ਉਸਦੀ ਪਛਾਣ ਹੈ। ਜਿਹੋ ਜਿਹਾ ਸਮਾਜ ਵਿਚ ਜਾਤੀ ਦਾ ਰੁਤਬਾ ਹੈ, ਉਸ ਪ੍ਰਤੀ ਲੋਕ ਮਨ ਦਾ ਪ੍ਰਗਟਾਵਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ, ਲੋਕ-ਸਮੂਹ ਕਿਰਤ ਨਾਲ ਸੰਬੰਧਿਤ ਹੁੰਦਾ ਹੈ। ਕਿਰਤ ਤੋਂ ਬਾਹਰਾ ਮਨੁੱਖ ਲੋਕ ਮਨ ਵਿਚ ਤ੍ਰਿਸਕਾਰ ਦਾ ਪਾਤਰ ਹੈ। ਪਰੰਤੂ ਨਾਮਧਾਰੀ ਲਹਿਰ ਨਾਲ ਸੰਬੰਧਿਤ ਮਾਨਸਿਕਤਾ ਵਿਚ ਬ੍ਰਾਹਮਣ ਦੀ ਹੋਰ ਪਰਤ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਨੇ ਜਦੋਂ ਖੋਟੇ ਪਿੰਡ ਵਿਚ ਸਿੱਖ ਰਵਾਇਤ ਅਨੁਸਾਰ ਸਮੂਹਿਕ ਵਿਆਹ ਕਰਵਾਏ ਤਾਂ ਬ੍ਰਾਹਮਣ ਵਰਗ ਨੇ ਇਸ ਨੂੰ ਆਪਣੇ ਉਪਰ ਜਾਤੀਗਤ ਹਮਲਾ ਸਮਝਿਆ ਕਿਉਂਕਿ ਉਸ ਸਮੇਂ ਤੱਕ ਸਿੱਖਾਂ ਅੰਦਰ ਵੀ ਵਿਆਹ ਪ੍ਰਥਾ

ਬ੍ਰਾਹਮਣਾਂ ਦੁਆਰਾ ਹੀ ਨਿਭਾਈ ਜਾਂਦੀ ਸੀ। ਬ੍ਰਾਹਮਣਾਂ ਦੇ ਦਾਨ-ਪੁੰਨ ਅਤੇ ਵਿਆਹ ਪ੍ਰਥਾ ਤੋਂ ਮਿਲਣ ਵਾਲਾ ਆਰਥਿਕ ਲਾਭ ਉਸਦੇ ਹਿੱਤਾਂ ਨਾਲ ਜੁੜਿਆ ਹੋਇਆ ਸੀ। ਖੋਟੇ ਪਿੰਡ ਦੀ ਘਟਨਾ ਬਾਅਦ ਬ੍ਰਾਹਮਣਾਂ ਨੇ ਕਾਨੂੰਨੀ ਤੌਰ 'ਤੇ ਦਖ਼ਲ ਅੰਦਾਜ਼ੀ ਕੀਤੀ, ਉਸਦੇ ਪ੍ਰਤੀਕਰਮ ਵਜੋਂ ਨਾਮਧਾਰੀਆਂ ਨੇ ਜੋ ਕੀਤਾ, ਉਸਦਾ ਪ੍ਰਗਟਾਵਾ ਲੋਕ-ਕਾਵਿ ਵਿਚੋਂ ਤੱਥਾਂ ਦੇ ਰੂਪ ਵਿਚ ਮਿਲ ਜਾਂਦਾ ਹੈ। ਲੋਕ ਕਾਵਿ ਦੀ ਇਹ ਸਿਰਜਣਾ ਨਾਮਧਾਰੀ ਲਹਿਰ ਨਾਲ ਤਦਰੂਪ ਲੋਕ ਸਮੂਹ ਦੀ ਸਿਰਜਣਾ ਵਧੇਰੇ ਹੈ। ਜਿਵੇਂ : -

- ਬ੍ਰਾਹਮਣਾਂ ਨੇ ਪਾਈ ਅਰਜ਼ੀ,
ਸਾਡੀ ਕੁੜੀ ਦਾ ਆਨੰਦ ਕਰਵਾਇਆ।
- ਮੈਂ ਬਾਘੇ ਪੁਰਾਣੇ ਜਾਮਾਂ
ਠਾਣਾ ਮੇਰਾ ਯਾਰ ਲੱਗਦਾ।

ਇਸ ਦੇ ਸਮਾਨਾਂਤਰ ਉਸ ਸਮੇਂ ਗੁਰਦੁਆਰਿਆਂ ਵਿਚ ਮਹੰਤਗਿਰੀ ਕਰਕੇ ਵੀ ਸਿੱਖ ਧਰਮ ਵਿਚ ਵਿਕਾਰ ਪੈਦਾ ਕੀਤੇ ਜਾ ਰਹੇ ਸਨ। ਨਾਮਧਾਰੀਆਂ ਨੇ ਇਨ੍ਹਾਂ ਵਿਕਾਰਾਂ ਪ੍ਰਤੀ ਜੋ ਵਿਰੋਧ ਕੀਤਾ, ਉਸਦਾ ਪ੍ਰਗਟਾਵਾ ਵੀ ਲੋਕ ਕਾਵਿ ਵਿਚੋਂ ਮਿਲਦਾ ਹੈ।

ਕੂਕੇ ਗੌਣ ਲੱਗਣ ਨਾ ਦੇਂਦੇ
ਮੇਲੇ ਮੁਖਸਰ ਦੇ।

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਨਾਮਧਾਰੀ ਲਹਿਰ ਜੋ ਸਿੱਖ ਧਰਮ ਵਿਚ 'ਸ਼ੁੱਧਤਾ' ਦੀ ਇੱਛਕ ਸੀ ਅਤੇ ਸਿੱਖ ਧਰਮ ਦੇ ਸਥਾਨਾਂ ਉਪਰ ਜੋ ਗ਼ੈਰ ਸਿੱਖ ਰਵਾਇਤਾਂ ਪੈਦਾ ਹੋ ਚੁੱਕੀਆਂ ਸਨ, ਉਨ੍ਹਾਂ ਦਾ ਵਿਰੋਧ ਤਾਂ ਨਿਸ਼ਚੇ ਹੀ ਜਾਇਜ਼ ਸੀ ਪਰੰਤੂ ਜੋ ਕੁਝ ਦੂਜੇ ਵਿਸ਼ਵਾਸ਼ਾਂ ਨਾਲ ਸੰਬੰਧਿਤ ਲੋਕਾਈ ਦੇ ਵਿਰੋਧ ਵਿਚ ਆਵਾਜ਼ ਮੁਖ਼ਰ ਹੋਈ ਸੀ, ਉਸ ਦੇ ਕਾਰਨਾਂ ਦੀ ਤਹਿ ਤੱਕ ਅਵੱਸ਼ ਜਾਣਾ ਚਾਹੀਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਖੁੱਸ ਜਾਣ ਤੋਂ ਬਾਅਦ ਸਾਮੰਤੀ ਸਿੱਖ ਦੇ ਮਨ ਅੰਦਰ 'ਰਾਜ ਦੀ ਪੀੜ' ਜ਼ਰੂਰ ਪਈ ਸੀ। ਸਤਿਗੁਰੂ ਰਾਮ ਸਿੰਘ ਜੋ ਆਰੰਭ ਦੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ, ਉਸ ਦੇ ਅਵਚੇਤਨ ਵਿਚ ਨਿਸ਼ਚੇ ਹੀ ਸਿੱਖ ਰਾਜ ਦਾ ਅੰਸ਼ ਸੀ। ਇਸ ਲਈ ਨਾਮਧਾਰੀ ਲਹਿਰ ਉਸ ਸਮੇਂ ਵਿਚ ਸਿੱਖਾਂ ਦੀ ਮੁੱਖ ਲਹਿਰ ਬਣਕੇ ਪ੍ਰਤੀਨਿਧਤਾ ਦੀ ਤਾਂਘਵਾਨ ਹੈ। ਇਸ ਤਾਂਘ ਵਿਚ ਜੋ ਵੀ ਉਨ੍ਹਾਂ ਦਾ ਵਿਰੋਧੀ ਬਣਦਾ ਹੈ, ਉਸ ਨੂੰ ਕੁਚਲ ਦੇਣ ਦੀ ਚੇਤਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਲੋਕ ਕਾਵਿ ਵਿੱਚੋਂ ਰਾਜ ਦੀ ਮਿਲਦੀ ਧੁਨੀ ਉਪਰੋਕਤ ਤਰਕ ਦੀ ਪੁਸ਼ਟੀ ਕਰਦੀ ਹੈ।

- ਜੇ ਰਾਜੇ, ਮਹੰਤ, ਪੁਜਾਰੀ
ਸਾਥ ਦਿੰਦੇ ਖ਼ਾਲਸੇ ਦਾ।
- ਮੱਤ ਗਈ ਰਾਜਿਆਂ ਦੀ ਮਾਰੀ
ਰਾਜ ਲੈ ਕੇ ਮਾਲਵੇ ਦਾ।
- ਉਹਨਾਂ ਕੱਢਣੇ ਸੀ ਗੋਰੇ ਹਸਾਈ
ਰਾਜਿਆਂ ਨੂੰ ਕੀ ਆਖਦੇ।

ਇੱਥੇ ਬਹੁਤ ਧਿਆਨਯੋਗ ਪਹਿਲੂ ਇਹ ਹੈ ਕਿ ਨਾਮਧਾਰੀ ਲਹਿਰ ਧਰਮ, ਸਭਿਆਚਾਰ ਅਤੇ ਸਿਆਸਤ ਦੀ ਤਿਕੋਣ ਸੀ। ਉਸਦੇ ਧਰਮ ਦੀ ਸ਼ੁੱਧਤਾ ਦੇ ਪਹਿਲੂ ਵੀ ਸਭਿਆਚਾਰਕ ਮਾਧਿਆਮ ਰਾਹੀਂ ਸਿਆਸਤ ਤੱਕ ਪਹੁੰਚਦੇ ਸਨ। ਜੋ ਵੀ ਉਨ੍ਹਾਂ ਦੇ ਸਿਆਸਤ ਦੇ ਰਾਹ ਵਿਚ ਕਿਸੇ ਵੀ ਪਰਤ ਰਾਹੀਂ ਵਿਰੋਧਤਾ ਪੈਦਾ ਕਰਦਾ ਸੀ, ਨਾਮਧਾਰੀ ਲਹਿਰ ਉਸ ਨਾਲ ਟਕਰਾਓ ਦੀ ਸਥਿਤੀ ਵਿਚ ਆ ਜਾਂਦੀ ਸੀ। ਰਾਜ ਦੀ ਚੇਤਨਾ ਅਤੇ ਸਵੈ ਰਾਜ ਦਾ ਸੰਕਲਪ ਹੀ ਇਸ ਲਹਿਰ ਦੇ ਪਸਾਰ ਨਾਲ ਸਥਾਪਤ ਬਸਤੀਵਾਦੀ ਨਿਜ਼ਾਮ ਲਈ ਵੰਗਾਰ ਬਣ ਜਾਂਦਾ ਹੈ। ਰਾਜ, ਬਾਈਕਾਟ, ਸਵੈ-ਰਾਜ ਅਤੇ ਸੱਤਾ ਦੇ ਜਬਰ ਦੇ ਮਿਲਦੇ ਪ੍ਰਮਾਣ ਇਸ ਲਹਿਰ ਨੂੰ ਰਾਜਸੀ ਲਹਿਰ ਵਿਚ ਪਲਟਾ ਦਿੰਦੇ ਹਨ। ਦੂਜੀ ਗੱਲ ਵਿਸ਼ੇਸ਼ ਤੌਰ 'ਤੇ ਧਿਆਨ ਦਾ ਕੇਂਦਰ ਬਿੰਦੂ ਰਹਿਣੀ ਚਾਹੀਦੀ ਹੈ ਕਿ ਨਾਮਧਾਰੀ ਲਹਿਰ ਵੇਲੇ ਪ੍ਰਤਿਰੋਧ ਅਤੇ ਸਿਆਸਤ ਦਾ ਸੁਭਾਅ ਅਤੇ ਸੰਰਚਨਾ ਸਾਮੰਤੀ ਤਰਜ਼ ਦੀ ਹੀ ਹੋ ਸਕਦੀ ਸੀ। ਇਸੇ ਕਰਕੇ ਇਹ ਅੰਤਰਮੁਖੀ ਤੌਰ 'ਤੇ ਆਪਾ ਸ਼ੁੱਧਤਾ ਦੀ ਸੀ ਅਤੇ ਬਾਹਰਮੁਖੀ ਤੌਰ 'ਤੇ ਧਰਮ ਕੇਂਦਰਿਤ ਰਾਜਸੀ ਸੱਤਾ ਦੀ ਵਿਰੋਧੀ ਸੀ। ਉਪਰੋਕਤ ਟੱਪੇ ਵਿਚ 'ਉਹਨਾਂ ਕੱਢਣੇ ਸੀ ਗੋਰੇ ਹਸਾਈ' ਦਾ ਸੰਕੇਤ ਇਹੋ ਦੱਸਦਾ ਹੈ ਕਿ ਉਹ ਬਸਤੀਵਾਦੀ ਨਿਜ਼ਾਮ ਨੂੰ ਈਸਾਈ ਨਿਜ਼ਾਮ ਦੇ ਰੂਪ ਵਿਚ ਲੈ ਰਹੇ ਸਨ। ਇਸ ਕਰਕੇ ਨਾਮਧਾਰੀ ਲਹਿਰ ਦੀਆਂ ਸੱਤਾ-ਸਿਆਸਤ ਦੇ ਪ੍ਰਤਿਰੋਧ ਵਿਚ ਆਪਣੀਆਂ ਰਣਨੀਤੀਆਂ ਧਰਮ ਮੁਕਤ ਨਹੀਂ ਹੋ ਸਕਦੀਆਂ ਸਨ ਕਿਉਂਕਿ ਉਹ ਦੌਰ ਆਧੁਨਿਕਤਾ ਦਾ ਨਹੀਂ ਬਸਤੀਵਾਦੀ ਆਧੁਨਿਕਤਾ ਦਾ ਸੀ ਤੇ ਨਾਮਧਾਰੀ ਲਹਿਰ ਦਾ ਹੁੰਗਾਰਾ ਸਾਮੰਤੀ ਤਰਜ਼ ਦਾ ਹੋਣ ਕਰਕੇ ਪੂਰਵ-ਆਧੁਨਿਕ ਸੀ। ਲੋਕ ਕਾਵਿ ਵਿਚੋਂ ਨਾਮਧਾਰੀ ਲਹਿਰ ਦੇ ਮਿਲਦੇ ਸਾਮੰਤੀ ਸੂਰਮਗਤੀ ਦੇ ਬਿੰਬ ਇਹੋ ਪ੍ਰਮਾਣਿਤ ਕਰਦੇ ਹਨ : -

- ਛਾਤੀ ਤਾਣਕੇ ਸੂਰਮੇ ਖੜ੍ਹ ਗਏ
ਗੋਰੇ ਦੀ ਤੋਪ ਬੁੜਕੀ।
- ਸਿੰਘ ਕੋਈ ਨਾ ਤੋਪ ਤੋਂ ਡਰਦਾ
ਹੱਸ ਹੱਸ ਆਏ ਸਾਹਮਣੇ।
- ਸਿਰ ਖਫ਼ਨੀ ਪੈਰਾਂ ਵਿਚ ਪਊਏ
ਕਰਤਾਰੇ ਜੋਗ ਧਾਰਿਆ।

- ਚੱਕ ਲੈ ਫਰੰਗੀਆ ਡੇਰਾ
ਖਾਲਸੇ ਨੇ ਰਾਜ ਕਰਨਾ।

ਸਾਮੰਤੀ ਤਰਜ਼ ਦੀ ਇਹ ਸਿਆਸਤ ਤਹਿਤ ਨਾਮਧਾਰੀ ਲਹਿਰ ਬਾਈ ਸੂਬਿਆਂ ਦੀ ਸਵੈ-ਸਥਾਪਨਾ ਉਸ ਸਾਮੰਤੀ ਅਵਚੇਤਨ ਵਿਚੋਂ ਹੀ ਕਰਦੀ ਹੈ, ਜਿਹੜਾ ਅਵਚੇਤਨ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਉਸਰਿਆ ਹੈ। ਇਹ ਬਾਈ ਸੂਬਿਆਂ ਦੀ ਵੰਡ ਰਾਜਸੀ ਸੱਤਾ ਦਾ ਪ੍ਰਤੀਕ ਹੈ ਅਤੇ ਇਕ ਪੂਰੀ ਰਿਆਸਤ ਦੀ ਨਿਰਮਾਣਕਾਰੀ ਹੈ। ਇਹ ਸੂਬਿਆਂ ਦੀ ਸਥਾਪਨਾ ਇਹੋ ਦੱਸਦੀ ਹੈ ਕਿ ਨਾਮਧਾਰੀ ਲਹਿਰ ਪੰਜਾਬ ਨੂੰ ਆਪਣਾ ਦੇਸ਼ ਸਮਝਦੀ ਹੈ ਜਿਸਦਾ ਬਾਕੀ ਭਾਰਤ ਨਾਲ ਕੋਈ ਸਰੋਕਾਰ ਨਹੀਂ। ਉਸ ਸਮੇਂ ਦੇਸ਼ ਦਾ ਸੰਕਲਪ ਆਧੁਨਿਕ ਚੇਤਨਾ ਅਨੁਸਾਰ ਕੌਮ ਅਤੇ ਰਾਜ ਦਾ ਨਹੀਂ ਸੀ ਸਗੋਂ ਸਾਮੰਤੀ ਤਰਜ਼ ਦਾ ਸੀ। ਸਾਮੰਤੀ ਸੋਚ ਅਨੁਸਾਰ ਜਿੱਥੋਂ ਤੱਕ ਧਰਤੀ 'ਤੇ ਕਬਜ਼ਾ ਹੈ, ਉਥੋਂ ਤੱਕ ਰਾਜ ਹੈ ਅਤੇ ਉਹੋ ਦੇਸ਼ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਜੇ ਤੱਕ ਸਾਮੰਤੀ ਸਿੱਖ ਅਵਚੇਤਨ ਦਾ ਅਟੁੱਟ ਹਿੱਸਾ ਹੈ। ਇਹੋ ਅਵਚੇਤਨ ਨਾਮਧਾਰੀ ਲਹਿਰ ਵਿਚ ਵੀ ਕਿਰਿਆਸ਼ੀਲ ਹੈ।

ਨਾਮਧਾਰੀ ਲਹਿਰ ਦਾ ਬਸਤੀਵਾਦੀ ਨਿਜ਼ਾਮ ਤੋਂ ਮੁਨਕਰ ਹੋਣਾ ਅਤੇ ਉਸਦੇ ਸਮਾਨਾਂਤਰ ਆਪਣਾ ਪ੍ਰਬੰਧ ਸਿਰਜਣਾ ਵਿਸ਼ੇਸ਼ ਤੌਰ 'ਤੇ ਰਾਜਸੀ ਅਹਿਮੀਅਤ ਵਾਲਾ ਹੈ। 'ਗੁਰਮੁਖੀ' ਉਪਰ ਵਿਸ਼ੇਸ਼ ਜ਼ੋਰ (ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ 'ਚ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।) ਮਹਿਜ਼ ਸਭਿਆਚਾਰਕ ਵਰਤਾਰਾ ਨਹੀਂ ਸਗੋਂ ਰਾਜਸੀ ਮਸਲਾ ਹੈ ਕਿਉਂਕਿ ਭਾਸ਼ਾ ਸਿਰਫ਼ ਵਿਚਾਰਾਂ-ਭਾਵਾਂ ਦਾ ਆਦਾਨ-ਪ੍ਰਦਾਨ ਨਹੀਂ ਹੈ ਸਗੋਂ ਮਨੁੱਖੀ ਪਛਾਣ ਦਾ ਮਸਲਾ ਹੈ। ਭਾਸ਼ਾ ਦੇ ਮਸਲੇ 'ਤੇ ਨਾਮਧਾਰੀ ਲਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵਿੱਥ ਥਾਪਦੀ ਹੈ ਕਿਉਂਕਿ ਨਾਮਧਾਰੀ ਲਹਿਰ ਧਰਮ ਅਤੇ ਰਾਜ ਦੇ ਸੰਯੁਕਤ ਸੰਕਲਪ ਨਾਲ ਜੁੜੀ ਹੋਈ ਹੈ। ਇਹ ਰਾਜ ਦੇ ਨਾਲ ਸਿੱਖੀ ਰੂਪ-ਸਰੂਪ ਅਤੇ ਸੀਰਤ ਨੂੰ ਵੀ ਬਣਾਈ ਰੱਖਦੀ ਹੈ ਤੇ ਇਕ ਆਦਰਸ਼ਕ ਸਿੱਖ ਦੀ ਚਾਹਤ ਨਾਲ ਲਬਰੇਜ਼ ਹੈ। ਇਹ ਚਾਹਤ ਗੁਰਮੁਖੀ ਰਾਹੀਂ ਹੀ ਸਿਰੇ ਚੜ੍ਹ ਸਕਦੀ ਹੈ। ਗੁਰਮੁਖੀ ਉਪਰ ਜ਼ੋਰ ਸਿੱਖੀ ਪਛਾਣ ਨੂੰ ਪ੍ਰਮਾਣਿਕ ਬਣਾਉਣਾ ਹੈ। ਇਹੋ ਪਛਾਣ ਦੇ ਮਸਲੇ ਅੱਗੇ ਜਾ ਕੇ ਸੰਪਰਦਾਈ ਬਣ ਜਾਂਦੇ ਹਨ। ਡਾਕ-ਤਾਰ ਦਾ ਪ੍ਰਬੰਧ ਕਿਸੇ ਹੱਦ ਤੱਕ ਬਸਤੀਕਾਰਾਂ ਤੋਂ ਆਪਣੀ ਰਾਜਨੀਤੀ ਅਤੇ ਰਣਨੀਤੀ ਨੂੰ ਛੁਪਾਉਣ ਦਾ ਮਾਧਿਅਮ ਵੀ ਹੈ। ਸਵਦੇਸ਼ੀ ਦਾ ਸੰਕਲਪ ਜੋ ਅਗਾਂਹ ਜਾ ਕੇ ਭਾਰਤੀ ਰਾਸ਼ਟਰਵਾਦੀ ਲਹਿਰ ਦਾ ਰਣਨੀਤਕ ਦਾਅ ਪੇਚ ਬਣੀ ਹੈ, ਨਾਮਧਾਰੀ ਲਹਿਰ ਦੀ ਰਾਜਨੀਤਕ ਵਿਚਾਰਧਾਰਾ ਦਾ ਪਛਾਣ-ਚਿੰਨ੍ਹ ਹੈ ਅਤੇ ਸੁਚੇਤ ਰੂਪ ਵਿਚ ਬਸਤੀਵਾਦੀ ਨਿਜ਼ਾਮ ਦਾ ਵਿਰੋਧੀ ਹੈ। ਸਵਦੇਸ਼ੀ ਦਾ ਮਸਲਾ ਸਾਮੰਤੀ ਅਵਚੇਤਨ ਦਾ ਵੀ ਹੈ ਕਿਉਂਕਿ ਮਨੁੱਖ ਆਪਣੀ ਧਰਤੀ, ਆਪਣੀ ਰਹਿਤਲ ਅਤੇ ਨਿਰਮਤ ਸਭਿਆਚਾਰ ਵਿਚ ਹੀ ਪ੍ਰਵਾਨ ਚੜ੍ਹਦਾ ਹੈ। ਇਉਂ ਸਵਦੇਸ਼ੀ ਦਾ ਵਿਚਾਰ ਬਹੁਪਰਤੀ ਹੈ।

- ਕੂਕੇ ਗੁੜ ਦਾ ਸ਼ਰਬਤ ਪੀਂਦੇ,
ਮਿੱਠੇ ਮਿੱਠੇ ਬੋਲ ਬੋਲਦੇ।
- ਨਹੀਂ ਖੰਡ ਦਾ ਸ਼ਰਬਤ ਪੀਣਾ,
ਸਹੁੰ ਖਾਧੀ ਖਾਲਸੇ ਨੇ।
- ਅਤਲਸਾਂ ਪਾੜ ਦਿੱਤੀਆਂ,
ਨਹੀਂ ਖੱਦਰ ਬਿਨਾਂ ਹੱਥ ਲੌਣਾ।

ਨਾਮਧਾਰੀ ਲਹਿਰ ਦੀ ਸਵਦੇਸ਼ੀ ਲਹਿਰ ਵਿਉਂਤਬੱਧ ਵਿਚਾਰਧਾਰਕ ਰਣਨੀਤੀ ਸੀ, ਜਿਸਦਾ ਮਕਸਦ ਸਿਰਫ਼ ਆਰਥਿਕ ਨਹੀਂ ਸੀ ਸਗੋਂ ਰਾਜਨੀਤਕ ਸੀ। ਬਸਤੀਕਾਰਾਂ ਦੇ ਹੁਕਮ ਤੋਂ ਇਨਕਾਰ ਵਰਗੀ ਰਣਨੀਤੀ ਸੀ। ਨਾਮਧਾਰੀ ਲਹਿਰ ਆਮ ਲੋਕਾਂ ਵਿਚ ਬਸਤੀਕਾਰਾਂ ਵਿਰੁੱਧ ਆਕਰੋਸ਼ ਪੈਦਾ ਕਰਨਾ ਚਾਹੁੰਦੀ ਸੀ। ਇਸ ਆਕਰੋਸ਼ ਲਈ ਉਹ ਜਨਤਕ ਵਿਸ਼ਵਾਸ਼ ਪੈਦਾ ਕਰਨਾ ਚਾਹੁੰਦੇ ਸਨ। ਇਥੋਂ ਹੀ ਲੋਕ ਮਨ ਵਿਚੋਂ ਬਸਤੀਕਾਰਾਂ ਦੀ ਦਹਿਸ਼ਤ ਨੂੰ ਕੱਢਣਾ ਚਾਹੁੰਦੇ ਸਨ। ਇਸ ਲਈ ਉਹ ਆਪ ਨਿਡਰ, ਬਹਾਦਰ ਅਤੇ ਅਣਖੀਲੇ ਹੋਣ ਦਾ ਪ੍ਰਤੀਕ ਬਣ ਜਾਂਦੇ ਹਨ : -

ਕੂਕੇ ਮਾਰ ਛਿੱਤਰ ਕੱਢ ਦਿੰਦੇ
ਗੋਰਿਆਂ ਸਾਹਬਾਂ ਨੂੰ।

ਲੋਕ ਮਨ ਵਿਚ ਨਾਮਧਾਰੀ ਬਹਾਦਰ ਅਤੇ ਸਥਾਪਤੀ ਤੋਂ ਨਾਬਰੀ ਦਾ ਪ੍ਰਤੀਕ ਬਣ ਜਾਂਦੇ ਹਨ। ਇਸ ਲਹਿਰ ਦੇ ਫੈਲਰਨ ਅਤੇ ਪਸਰਨ ਦੇ ਸੰਕੇਤ ਵੀ ਮਿਲਦੇ ਹਨ। ਇਨ੍ਹਾਂ ਸੰਕੇਤਾਂ ਪਿੱਛੇ ਪੰਜਾਬ ਦੀ ਨਾਬਰੀ ਬਿਰਤੀ ਦਾ ਹੋਣਾ ਵੀ ਦਿਖਾਈ ਦਿੰਦਾ ਹੈ। ਇਸ ਲਹਿਰ ਦੇ ਪਾਸਾਰ ਬਾਰੇ ਸੰਕੇਤ ਹਨ:-

- ਰੁੜਕਾ, ਜਾਂਗਪੁਰ, ਮੋਹੀ
ਤਿੰਨੇ ਪਿੰਡ ਕੂਕਿਆਂ ਦੇ।
- ਦੋਏ ਨੰਗਲ, ਜੜਾਹਾਂ ਤੇ ਸਰਾਭਾ
ਬਣ ਗਏ ਨਾਮਧਾਰੀਏ।
- ਬਿਲਾਸਪੁਰ ਤੇ ਹਠੂਰ ਪਿੰਡ ਬੱਸੀਆਂ
ਕੂਕੇ ਬਣ ਜਾਣਗੇ।

ਇਨ੍ਹਾਂ ਸੰਕੇਤਾਂ ਤੋਂ ਇਹ ਸੂਚਨਾ ਵੀ ਮਿਲਦੀ ਹੈ ਕਿ ਨਾਮਧਾਰੀ ਲਹਿਰ ਦਾ ਵਧੇਰੇ ਜ਼ੋਰ ਮਾਲਵੇ ਦੇ ਇਲਾਕੇ ਵਿਚ ਹੋਇਆ। ਇਹ ਇਲਾਕਾ ਇਸ ਲਹਿਰ ਦਾ ਕੇਂਦਰ ਬਿੰਦੂ ਰਿਹਾ

ਜਿਸਦਾ ਇਕ ਕਾਰਨ ਸਤਿਗੁਰੂ ਰਾਮ ਸਿੰਘ ਦਾ ਟਿਕਾਣਾ ਭੈਣੀ ਸਾਹਿਬ ਸੀ।

ਲੋਕ ਕਾਵਿ ਵਿਚੋਂ ਕੁਝ ਕਾਵਿ ਅਜਿਹਾ ਵੀ ਮਿਲਦਾ ਹੈ ਜਿਹੜਾ ਕੁਝ ਵਿਅਕਤੀਆਂ ਦੇ ਨਾਵਾਂ ਦੇ ਇਰਦ-ਗਿਰਦ ਹੈ। ਨਿਸ਼ਚੇ ਹੀ ਇਨ੍ਹਾਂ ਦੇ ਰਚਣਹਾਰਿਆਂ ਦਾ ਸੰਬੰਧ ਨਾਮਧਾਰੀ ਲਹਿਰ ਨਾਲ ਰਿਹਾ ਹੋਵੇਗਾ ਕਿਉਂਕਿ ਅਜਿਹਾ ਉਦੋਂ ਹੀ ਹੁੰਦਾ ਹੈ ਜਦੋਂ ਵਿਅਕਤੀ ਵਿਸ਼ੇਸ਼ ਨਾਲ ਵਿਸ਼ੇਸ਼ ਸੰਬੰਧ ਬੈਠਦਾ ਹੋਵੇ।

- ਕੀੜੇ ਪੈਣ ਘੁਮੰਡਿਆ ਤੇਰੇ<br>ਮੁਖਬਰ ਗੋਰਿਆਂ ਦਾ।<br>- ਪੁੱਤ ਮਰਨ ਘੁਮੰਡਿਆ ਤੇਰੇ<br>ਗਿੱਧੇ ਵਿਚ ਬੋਲ ਰਹੀ।<br>- ਮੈਂ ਫਾਂਸੀ ਗਲਾਂ ਵਿਚ ਪੁਆਦੂੰ<br>ਸੌਂਹ ਖਾਧੀ ਦਲ ਸਿੰਘ ਨੇ।

ਲੋਕ ਕਾਵਿ ਵਿਚੋਂ ਇਸ ਲਹਿਰ ਉਪਰ ਬਸਤੀਕਾਰਾਂ ਵੱਲੋਂ ਅਤੇ ਬਸਤੀਕਾਰਾਂ ਦੇ ਰਹਿਮੋ-ਕਰਮ ਉਪਰ ਜਿਊਂਦੀਆਂ ਦੇਸੀ ਰਿਆਸਤਾਂ ਵਲੋਂ ਢਾਹੇ ਜ਼ੁਲਮ ਦੇ ਵੀ ਦ੍ਰਿਸ਼ ਮਿਲਦੇ ਹਨ। ਇਹ ਦ੍ਰਿਸ਼ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਇਹ ਸਿਰਫ਼ ਪ੍ਰਤਿਰੋਧ ਦੀ ਹੀ ਲਹਿਰ ਨਹੀਂ ਸੀ ਸਗੋਂ ਰਾਜਸੀ ਬਦਲ ਦੀ ਲਹਿਰ ਸੀ ਜਿਹੜੀ ਸੱਤਾ ਨੂੰ ਪਲਟ ਦੇਣਾ ਚਾਹੁੰਦੀ ਸੀ।

ਚਿੱਠੀਆਂ ਰੂਸ ਨੂੰ ਪਾਈਆਂ<br>ਸਤਿਗੁਰੂ ਰਾਮ ਸਿੰਘ ਨੇ।

ਇਹੋ ਜਿਹੇ ਸੰਕੇਤ ਪ੍ਰਮਾਣਿਤ ਕਰਦੇ ਹਨ ਕਿ ਇਹ ਲਹਿਰ ਰਾਜਸੀ ਸੀ ਜਿਸ ਕੋਲ ਬਸਤੀਵਾਦ ਖਿਲਾਫ਼ ਇਕ ਰਣਨੀਤੀ ਸੀ, ਇਸ ਰਾਜਸੀ ਚੇਤਨਾ ਕਰਕੇ ਹੀ ਨਾਮਧਾਰੀਆਂ 'ਤੇ ਜਬਰ-ਜ਼ੁਲਮ ਢਾਹਿਆ ਗਿਆ। ਇੱਥੇ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ 1857 ਦੇ ਵਿਦਰੋਹ ਬਾਅਦ ਬਸਤੀਕਾਰਾਂ ਨੇ ਕਾਨੂੰਨ ਐਨਾ ਸਖ਼ਤ ਕਰ ਦਿੱਤਾ ਸੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਪ੍ਰਤਿਰੋਧ ਨੂੰ ਤੁਰੰਤ ਕੁਚਲ ਦਿੰਦੇ ਸਨ ਤਾਂ ਜੋ ਚੰਗਿਆੜੀ ਭਾਂਬੜ ਨਾ ਬਣ ਜਾਵੇ। ਨਾਮਧਾਰੀ ਲਹਿਰ ਨੂੰ ਕਰੂਰਤਾ ਨਾਲ ਕੁਚਲ ਦੇਣਾ ਅਤੇ ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਬਦਰ ਕਰ ਦੇਣਾ ਡੂੰਘੇ ਰਾਜਨੀਤਕ ਅਰਥ ਰੱਖਦਾ ਹੈ। ਸਤਿਗੁਰੂ ਰਾਮ ਸਿੰਘ ਤੋਂ ਪਹਿਲਾਂ ਵੀ ਸਿੱਖ ਰਾਜ ਦੇ ਪ੍ਰੇਰਕਾਂ ਮਹਾਰਾਣੀ ਜਿੰਦਾਂ, ਕੰਵਰ ਦਲੀਪ ਸਿੰਘ ਅਤੇ ਹੋਰ ਆਗੂਆਂ ਨੂੰ ਪੰਜਾਬ ਤੋਂ ਬਾਹਰ ਕਰਕੇ ਸਿੱਖਾਂ ਨੂੰ ਨਾਇਕਾਂ/ਪ੍ਰੇਰਕਾਂ ਤੋਂ ਵਿਹੂਣਾ ਕਰ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਬਦਰ ਕਰਨਾ ਵੀ ਨਾਮਧਾਰੀ ਲਹਿਰ ਨੂੰ ਨਾਇਕ-ਵਿਹੂਣਾ ਕਰ ਦੇਣਾ ਸੀ। ਬਸਤੀਵਾਦ ਕਿਸੇ ਵੀ ਲਹਿਰ ਨੂੰ ਕੁਚਲਣ ਲਈ ਨਾਇਕ ਵਿਹੂਣਾ ਕਰਨ ਦੀ ਉਸਦੀ ਰਣਨੀਤੀ ਪੂਰੇ ਮੁਲਕ ਅੰਦਰ ਹੀ ਜਾਰੀ ਸੀ। ਨਾਇਕ ਨੂੰ ਖ਼ਤਮ ਕਰਕੇ ਉਹ ਵਿਚਾਰਧਾਰਾ ਨੂੰ ਖ਼ਤਮ ਕਰਨ ਦੀ ਅੰਤਰ-ਸੋਝੀ ਰੱਖਦਾ ਸੀ। ਨਾਮਧਾਰੀ ਲਹਿਰ ਉਪਰ ਢਾਹੇ ਜ਼ੁਲਮ ਅਤੇ ਤਸ਼ੱਦਦ ਦਾ ਮਕਸਦ ਇਸ ਲਹਿਰ ਦੀ ਰਾਜਸੀ ਤਾਕਤ ਨੂੰ ਖ਼ਤਮ ਕਰਨਾ ਸੀ। ਪੰਜਾਬ ਦੀਆਂ ਸਿੱਖ ਰਿਆਸਤਾਂ ਵਿਚ ਢਾਹਿਆ ਗਿਆ ਜ਼ੁਲਮ ਸਿੱਖ ਰਾਜਿਆਂ ਦਾ ਬਸਤੀਵਾਦੀ ਆਸ਼ੀਰਵਾਦ ਪ੍ਰਾਪਤ ਕਰਨਾ ਸੀ। ਲੋਕ-ਕਾਵਿ ਵਿਚੋਂ ਮਿਲਦੇ ਤਸ਼ੱਦਦ ਦੇ ਬਿੰਬ ਇਹੋ ਦੱਸ ਪਾਉਂਦੇ ਹਨ।

- ਹੱਥਕੜੀਆਂ ਪੈਰਾਂ ਵਿਚ ਬੇੜੀਆਂ,<br>ਜੇਹਲ ਸੰਗਰੂਰਾਂ ਦੀ।<br>- ਕੈਦ ਸਿੰਘਾਂ ਨੂੰ ਕੀਤੀ,<br>ਸਵਾ ਮਣ ਪੀਹੋ ਬਾਜਰਾ।<br>- ਰਾਮ ਸਿੰਘ ਗੁਰੂ ਕੈਦ ਕਰਾਇਆ,<br>ਬੇਈਮਾਨੀ ਰਾਜਿਆਂ ਦੀ।

ਇਉਂ ਲੋਕ ਮਨ ਨੇ ਨਾਮਧਾਰੀ ਲਹਿਰ ਨੂੰ ਭਰਪੂਰ ਪ੍ਰਗਟਾਵਾ ਦਿੱਤਾ। ਭਾਵੇਂ ਕਿ ਲੋਕ ਮਨ ਕਿਸੇ ਲਹਿਰ ਦੇ ਅੰਤਰੀਵੀ ਪਾਸਾਰਾਂ ਨੂੰ ਪੂਰਨ ਪ੍ਰਗਟਾਵਾ ਨਹੀਂ ਦਿੰਦਾ ਕਿਉਂਕਿ ਇਹ ਪ੍ਰਗਟਾਵਾ ਲੋਕ ਮਨ ਦੀ ਪ੍ਰਵਾਨਗੀ ਨਾਲ ਸੰਬੰਧਿਤ ਹੁੰਦਾ ਹੈ। ਲੋਕ ਮਨ ਨੇ ਵਧੇਰੇ ਪ੍ਰਵਾਨਗੀ ਨਾਮਧਾਰੀ ਲਹਿਰ ਦੇ ਰਾਜਸੀ ਪਾਸਾਰ ਨੂੰ ਦਿੱਤੀ ਹੈ। ਜੇਕਰ ਉਨ੍ਹਾਂ ਦੀ ਵੱਖਰੀ ਪਛਾਣ ਨੂੰ ਸਵੀਕਾਰ ਕੀਤਾ ਹੈ ਤਾਂ ਉਸਦਾ 'ਨਿਰਾਲਾ ਪੰਥ' ਹੋਣ ਨੂੰ ਕੀਤਾ ਹੈ। ਇਸ ਨਿਰਾਲੇਪਣ ਪਿੱਛੇ ਪੰਜਾਬ ਦੇ ਨਾਬਰੀ ਅਵਚੇਤਨ ਦਾ ਪੂਰਨ ਦਖ਼ਲ ਹੈ। ਲੋਕ ਮਨ ਨੇ ਨਾਮਧਾਰੀ ਲਹਿਰ ਨੂੰ ਨਾਕਾਰਾਤਮਕ ਪ੍ਰਗਟਾਵਾ ਨਹੀਂ ਦਿੱਤਾ ਜਿਵੇਂ ਸਿੰਘ ਸਭਾ ਲਹਿਰ ਪ੍ਰਤੀ ਹੋਇਆ ਸੀ : -

ਬਣ ਗਿਆ ਸਿੰਘ ਸਭੀਆ<br>ਜਦੋਂ ਮੁੱਕ ਗਏ ਘੜੇ 'ਚੋਂ ਦਾਣੇ।

ਲੋਕ ਮਨ ਨੇ ਨਾਮਧਾਰੀ ਲਹਿਰ ਨੂੰ ਜਿਵੇਂ ਮੌਖਿਕ ਪਰੰਪਰਾ ਵਿਚ ਸਾਂਭ ਕੇ ਰੱਖਿਆ ਹੈ, ਉਥੋਂ ਇਸ ਲਹਿਰ ਦੀ ਮਹੱਤਤਾ ਦਾ ਤਿੱਖਾ ਆਭਾਸ ਹੁੰਦਾ ਹੈ। ਲੋਕ-ਮਨ ਲੋਕਾਈ ਦੇ ਉਹਨਾਂ ਤੱਤਾਂ-ਤੱਥਾਂ ਨੂੰ ਪ੍ਰਗਟਾਵਾ ਦੇਣ ਵਿਚ ਸਮਰੱਥ ਹੁੰਦਾ ਹੈ ਜਿਨ੍ਹਾਂ ਨੂੰ ਗ਼ਾਲਬ ਜਮਾਤਾਂ ਦਾ ਇਤਿਹਾਸ ਤਾਂ ਨਹੀਂ ਦਿੰਦਾ ਪਰੰਤੂ ਉਸ ਲਹਿਰ ਦਾ ਉਨ੍ਹਾਂ ਲੋਕ ਦੁਆਰਾ ਰਚਿਤ ਇਤਿਹਾਸ ਵੀ ਨਹੀਂ ਦਿੰਦਾ, ਜਿਸ ਦੇ ਉਹ ਪੈਰੋਕਾਰ ਹੁੰਦੇ ਹਨ। ਲੋਕ ਕਾਵਿ ਨੇ ਨਾਮਧਾਰੀ ਲਹਿਰ ਦੇ ਰਾਜਸੀ ਮਹੱਤਵ ਨੂੰ ਜਿਵੇਂ ਪ੍ਰਗਟਾਵਾ ਦਿੱਤਾ ਹੈ, ਉਹ ਪੰਜਾਬ ਦੇ ਆਜ਼ਾਦੀ ਅੰਦੋਲਨ ਵਿਚਲੇ ਇਤਿਹਾਸਕ ਯੋਗਦਾਨ ਨੂੰ ਹੋਰ ਤਾਕਤ ਦਿੰਦਾ ਹੈ ਜਿਸਨੂੰ ਇਤਿਹਾਸਕਾਰਾਂ ਵਲੋਂ ਗੰਭੀਰ ਪ੍ਰਤਿਹੁੰਗਾਰੇ ਦੀ ਜ਼ਰੂਰਤ ਹੈ।

..........................................................

# ਓਅੰਕਾਰ

**ਮੁਹਿੰਦਰ ਸਿੰਘ ਕੂਕਾ**
**9599120028**

ਵਿਦਵਾਨਾਂ ਦਾ ਮੱਤ ਹੈ ਕਿ 'ਓਅੰਕਾਰ' ਸ਼ਬਦ ਦੀ ਉਤਪਤੀ ਸੰਸਕ੍ਰਿਤ ਭਾਸ਼ਾ ਦੇ 'ਓਮ' ਸ਼ਬਦ ਤੋਂ ਹੋਈ ਹੈ। 'ਓਮ' ਸ਼ਬਦ ਦਾ ਉਚਾਰਨ 'ਓਅੰ' ਰੂਪ ਵਿੱਚ ਵੀ ਕੀਤਾ ਜਾਂਦਾ ਹੈ ਅਤੇ 'ਓਅੰਕਾਰ' ਸ਼ਬਦ ਓਮ ਅਥਵਾ ਓਅੰ ਦਾ ਹੀ ਸੁਧਰਿਆ ਰੂਪ ਹੈ। 'ਓਮ' ਅਥਵਾ 'ਓਅੰ' ਸ਼ਬਦ ਸਭ ਦੀ ਰੱਖਿਆ ਕਰਨ ਵਾਲੇ 'ਕਰਤਾਰ' ਦਾ ਬੋਧਕ ਹੈ। ਇਸ ਤੱਥ ਦੀ ਝਲਕ ਗੁਰਬਾਣੀ ਅੰਦਰ ਅੰਕਿਤ ਇਨ੍ਹਾਂ ਸ਼ਬਦਾਂ ਵਿੱਚ ਵੀ ਮਿਲਦੀ ਹੈ:--

**ਓਅੰ ਸਾਧ ਸਤਿਗੁਰ ਨਾਮਕਾਰੰ॥**
(ਗਉੜੀ ਬਾਵਨ ਅਖਰੀ) ਅਤੇ
**ਓਅੰ ਪ੍ਰਿਯ ਪ੍ਰੀਤਿ ਚੀਤਿ॥** (ਸਾਰੰਗ ਮਹਲਾ ੫)

'ਮਹਾਨ ਕੋਸ਼' ਅਨੁਸਾਰ ਸੰਸਕ੍ਰਿਤ ਦੇ ਵਿਦਵਾਨਾਂ ਨੇ ਓ, ਅ, ਮ ਤਿੰਨ ਅੱਖਰਾਂ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵ ਮੰਨ ਕੇ 'ਓਮ' ਅਥਵਾ 'ਓਅੰ' ਤਿੰਨ ਦੇਵ ਰੂਪ ਕਲਪਿਆ ਹੈ। ਪਰੰਤੂ ਸਤਿਗੁਰੂ ਨਾਨਕ ਦੇਵ ਜੀ ਨੇ 'ਓਅੰ' ਦੇ ਮੁੱਢ ਏਕਾ (੧) ਅੰਕ ਲਿਖ ਕੇ ਗੁਰਮਤਿ ਜਾਂ ਸਿੱਖ ਮੱਤ ਦਾ ਸਿਧਾਂਤ ਪੇਸ਼ ਕੀਤਾ ਕਿ ਕਰਨ-ਕਾਰਨ ਕਰਤਾ ਪੁਰਖੁ ਕੇਵਲ ਇੱਕ ਹੈ। ਯਥਾ-'ਏਕੋ ਹੈ ਭਾਈ ਏਕੋ ਹੈ' ਅਥਵਾ 'ਦੂਸਰਿ ਨਾਹਿਨ ਕੋਇ'। ਭਾਈ ਗੁਰਦਾਸ ਜੀ ਵੀ ਇਸਦੀ ਪੁਸ਼ਟੀ ਕਰਦੇ ਹਨ-

**ਏਕਾ ਏਕੰਕਾਰ ਲਿਖਿ ਵੇਖਾਲਿਆ।**
**ਊੜਾ ਓਅੰਕਾਰੁ ਪਾਸਿ ਬਹਾਲਿਆ॥**

ੴ, ਏਕੰਕਾਰ ਅਥਵਾ ਓਅੰਕਾਰ ਸਮੁੱਚੀ ਗੁਰਬਾਣੀ ਦਾ ਕੇਂਦਰ-ਬਿੰਦੂ ਹੈ। ਸਾਰੀ ਗੁਰਬਾਣੀ ਦੀ ਵਿਚਾਰਧਾਰਾ 'ਓਅੰਕਾਰ' ਜਾਂ ਇਸ ਦੇ ਆਧਾਰ ਕਰਤਾ ਪੁਰਖੁ, ਪਾਰਬ੍ਰਹਮ ਉਪਰ ਹੀ ਕੇਂਦਰਿਤ ਹੈ। ਕਿਉਂਕਿ ਸਾਰੀ ਸ੍ਰਿਸ਼ਟੀ, ਖੰਡ, ਬ੍ਰਹਿਮੰਡ ਉਸ ਅਕਾਲ ਪੁਰਖੁ ਦੁਆਰਾ ਹੀ ਸਿਰਜੇ ਗਏ ਅਤੇ ਉਸਦੀ ਅਪਰੰਪਾਰ ਸ਼ਕਤੀ ਅਥਵਾ ਕਿਰਪਾ-ਦ੍ਰਿਸ਼ਟੀ ਦੇ ਆਸਰੇ ਹੀ ਵਿਦਮਾਨ ਹਨ ਅਤੇ ਉਹਦੇ ਹੁਕਮ ਜਾਂ ਰਜ਼ਾ ਅਨੁਸਾਰ ਹੀ ਸ੍ਰਿਸ਼ਟੀ ਦਾ ਵਿਕਾਸ ਤੇ ਵਿਨਾਸ਼ ਹੁੰਦਾ ਹੈ। ਇਸ ਵਾਸਤੇ ੴ ਅਥਵਾ 'ਓਅੰਕਾਰ' ਉਸ ਸ੍ਵੈਯੰਭੂ (ਸੈਭੰ) ਤੇ ਅਵਿਨਾਸ਼ੀ, ਪਰਮ-ਸ਼ਕਤੀ, ਪਾਰਬ੍ਰਹਮ-ਪਰਮੇਸ਼੍ਵਰ ਦਾ ਹੀ ਪ੍ਰਤੀਕ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਦੇ ਹਰ ਹਿੱਸੇ, ਹਰ ਰਾਗ ਦੇ ਆਰੰਭ ਵਿੱਚ ੴ ਲਿਖ ਕੇ ਉਸ ਪਰਮ-ਪਿਤਾ ਪਰਮਾਤਮਾ ਨੂੰ ਯਾਦ ਕੀਤਾ ਗਿਆ ਹੈ ਅਤੇ ਸਤਿਗੁਰੂ ਦੀ ਕ੍ਰਿਪਾ ਵਾਸਤੇ ਉਸਦਾ ਧੰਨਵਾਦ ਕੀਤਾ ਗਿਆ ਹੈ--ੴ ਸਤਿਗੁਰ ਪ੍ਰਸਾਦਿ--ਕਿਉਂਕਿ ਉਸਨੇ ਸੱਚੇ ਪਰਵਰਦਗਾਰ ਦੀ ਅਸੀਮ ਸ਼ਕਤੀ ਦੀ ਸੋਝੀ ਕਰਵਾਈ ਹੈ। ਉਸਦੀ ਓਟ, ਉਸਦੇ ਦੈਵੀ ਅਥਵਾ ਅਲੌਕਿਕ ਸੰਗ-ਸਾਥ ਨੂੰ ਅੰਗ-ਸੰਗ ਮਹਿਸੂਸ ਕਰਦੇ ਹੋਏ ਹੀ ਬਾਣੀ ਦੀ ਰਚਨਾ ਕੀਤੀ ਗਈ ਹੈ--

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥** ਅਥਵਾ
**ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥**
**(ਜਾਪੁ ਸਾਹਿਬ)**

ਗੁਰਬਾਣੀ-ਆਸ਼ੇ ਅਨੁਸਾਰ ਸਤਿਗੁਰੂ ਨਿਰੰਕਾਰ ਦਾ ਹੀ ਸਰਗੁਣ ਸਰੂਪ ਹੁੰਦਾ ਹੈ। ਸੱਚੇ ਮਨ ਅਤੇ ਪ੍ਰੇਮਾ-ਭਗਤੀ ਦੁਆਰਾ ਸਤਿਗੁਰੂ ਦੇ ਦਰਸ਼ਨਾਂ 'ਚੋਂ ਹੀ ਅਕਾਲ ਪੁਰਖੁ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਤੇ ਸਮਰੱਥ ਗੁਰੂ ਜਦ ਸਿਰ 'ਤੇ ਹੱਥ ਰੱਖ ਦਿੰਦਾ ਹੈ, ਕਿਰਪਾ/ਬਖਸ਼ਿਸ਼ ਕਰ ਦੇਂਦਾ ਹੈ ਤਾਂ ਖੰਡਾਂ-ਬ੍ਰਹਿਮੰਡਾਂ ਦੀ ਸੋਝੀ ਹੋ ਜਾਂਦੀ ਹੈ। ਮਨੁੱਖ ਮਾਤਰ ਵਾਸਤੇ ਪੂਰਾ ਸਤਿਗੁਰੂ ਹੀ ਅਧਿਆਤਮਕ ਗਿਆਨ ਦਾ ਸਹੀ ਸਰੋਤ ਹੈ ਕਿਉਂਕਿ ਉਹ ਸਰਬ-ਗਿਆਤਾ ਹੈ ਅਤੇ ਸਰਬ-ਕਲਾ ਸਮਰੱਥ ਹੁੰਦਾ ਹੈ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ' ਦੀ ਦੂਜੀ ਪਉੜੀ ਵਿੱਚ ਸ਼ਪੱਸ਼ਟ ਕਰ ਦਿੱਤਾ ਹੈ ਕਿ ਸਭ ਕਾਸੇ ਦਾ ਸਿਰਜਨਹਾਰ ਅਕਾਲ ਪੁਰਖੁ ਹੀ ਹੈ--

**ਖੰਡਾ ਪ੍ਰਿਥਮੈ ਸਾਜਿ ਕੈ**
**ਜਿਨਿ ਸਭ ਸੈਸਾਰੁ ਉਪਾਇਆ॥**
**ਬ੍ਰਹਮਾ ਬਿਸਨੁ ਮਹੇਸ ਸਾਜਿ**
**ਕੁਦਰਤੀ ਦਾ ਖੇਲੁ ਰਚਾਇ ਬਣਾਇਆ॥**
**ਸਿੰਧੁ ਪਰਬਤ ਮੇਦਨੀ**
**ਬਿਨ ਥੰਮ੍ਹਾ ਗਗਨ ਰਹਾਇਆ॥**
**ਸਿਰਜੇ ਦਾਨੋ ਦੇਵਤੇ**
**ਤਿਨ ਅੰਦਰਿ ਬਾਦੁ ਰਚਾਇਆ॥**
**ਤੈ ਹੀ ਦੁਰਗਾ ਸਾਜਿ ਕੈ**
**ਦੈਂਤਾ ਦਾ ਨਾਸੁ ਕਰਾਇਆ॥**
**ਤੈਥੋ ਹੀ ਬਲੁ ਰਾਮ ਲੈ**
**ਨਾਲਿ ਬਾਣਾ ਦਹਸਿਰ ਘਾਇਆ॥**
**ਤੈਥੋ ਹੀ ਬਲੁ ਕ੍ਰਿਸ਼ਨ ਲੈ**

**ਕੰਸ ਕੇਸੀ ਪਕੜਿ ਗਿਰਾਇਆ॥**
**ਬਡੇ ਬਡੇ ਮੁਨਿ ਦੇਵਤੇ**
**ਕਈ ਜੁਗ ਤਿਨੀ ਤਨੁ ਤਾਇਆ॥**
**ਕਿਨੀ ਤੇਰਾ ਅੰਤੁ ਨ ਪਾਇਆ॥੨॥**

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਓਅੰਕਾਰ' ਦੇ ਅਰਥ 'ਸੱਚ' ਅਥਵਾ 'ਯਥਾਰਥ' ਕੀਤੇ ਹਨ। ਸਤਿਗੁਰੂ ਨਾਨਕ ਦੇਵ ਜੀ ਅਨੁਸਾਰ ਓਮ ਅਥਵਾ ਓਅੰਕਾਰ ਸ਼ਬਦ ਨੂੰ ਸੁਣਿਆ ਤੇ ਵਿਚਾਰਿਆ ਜਾਣਾ ਚਾਹੀਦਾ ਹੈ ਕਿਉਂਕਿ 'ਓਅੰਕਾਰ' ਹੀ ਸ੍ਰਿਸ਼ਟੀ ਦੇ ਪਰਮ-ਸੱਚ (Absolute Truth) ਦਾ ਪ੍ਰਤੀਕ ਹੈ।

'ਓਅੰਕਾਰ' ਸ਼ਬਦ ਦੀ ਸਭ ਤੋਂ ਵੱਧ ਵਰਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਅੰਦਰ ਦਰਜ ਆਪਣੀ ਬਾਣੀ 'ਦੱਖਣੀ ਓਅੰਕਾਰ' ਦੇ ਆਰੰਭ ਵਿੱਚ ਕੀਤੀ ਹੈ। 'ਇਹ ਬਾਣੀ ਆਪ ਜੀ ਨੇ ਕਿਥੇ ਤੇ ਕਿਉਂ ਉਚਾਰੀ' ਦੇ ਸੰਬੰਧ 'ਚ ਵੀ ਚਰਚਾ ਕਰਨੀ ਬਣਦੀ ਹੈ। 'ਮਹਾਨ ਕੋਸ਼' ਦੇ ਕਰਤਾ ਅਨੁਸਾਰ ਇਹ ਬਾਣੀ ਸਤਿਗੁਰੂ ਜੀ ਨੇ ਇੰਦੌਰ ਸ਼ਹਿਰ ਤੋਂ ਕਰੀਬ ਚਾਲੀ ਮੀਲ ਦੂਰ ਨਿਮਾਰ (ਅਥਵਾ ਨਿਮਾੜ) ਜ਼ਿਲ੍ਹੇ ਵਿੱਚ ਵਗਦੀ ਨਰਮਦਾ ਨਦੀ ਵਿਚਲੇ ਮਾਂਧਾਤਾ ਟਾਪੂ ਉੱਪਰ ਬਣੇ ਇੱਕ ਪ੍ਰਸਿੱਧ ਹਿੰਦੂ ਮੰਦਿਰ ਦੇ ਚਤਰਦਾਸ ਆਦਿ ਪੁਜਾਰੀਆਂ ਨੂੰ ਸੁਮਤਿ ਦੇਣ ਵਾਸਤੇ ਉਚਾਰਣ ਕੀਤੀ ਸੀ (ਕਿਉਂਕਿ ਉਨ੍ਹਾਂ ਨੇ ਓਅੰਕਾਰ ਦੇ ਅਸਲੀ ਅਰਥਾਂ ਨੂੰ ਭੁਲਾ, ਵਿਸਾਰ ਕੇ ਆਪਣੇ ਆਪ ਨੂੰ ਬਾਹਰੀ ਕਰਮ-ਕਾਂਡਾਂ ਵਿੱਚ ਹੀ ਸੀਮਤ ਕਰ ਲਿਆ ਹੋਇਆ ਸੀ)। ਇਸ ਪ੍ਰਸਿੱਧ ਮੰਦਰ ਦਾ, ਇਹਦੇ ਆਸ-ਪਾਸ ਵੱਸੇ ਹੋਏ ਸ਼ਹਿਰ ਅਤੇ ਉਸਦੇ ਰੇਵਲੇ ਸਟੇਸ਼ਨ ਦਾ ਨਾਂ ਵੀ 'ਓਅੰਕਾਰ' ਹੀ ਹੈ।

ਸਤਿਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਪਟੀ ਲਿਖੀ', ਤੇ 'ਬਾਵਨ ਅਖਰੀ' ਵਾਂਗ 'ਦਖਣੀ ਓਅੰਕਾਰ' ਨਾਂ ਹੇਠ ਰਚੀ ਬਾਣੀ ਵੀ ਅੱਖਰਾਂ ਪਰਥਾਇ ਹੈ। 'ਪੈਂਤੀਸ ਅੱਖਰੀ' ਤੇ 'ਬਾਵਨ ਅਖਰੀ' ਵਾਂਗ 'ਦਖਣੀ ਓਅੰਕਾਰ' ਵਿੱਚ ਵੀ ਅਧਿਆਤਮਕ ਜਗਤ ਦੇ ਮਰਮ ਖੋਲ੍ਹੇ ਗਏ ਹਨ ਤੇ ਇਨ੍ਹਾਂ ਬਾਣੀਆਂ ਵਿੱਚ ਮਨੁੱਖ ਨੂੰ ਅਧਿਆਤਮਕ ਪਾਸੇ ਵੱਲ ਆਉਣ ਦੀ ਪ੍ਰੇਰਣਾ ਦਿੱਤੀ ਗਈ ਹੈ। ਇਸ ਰਚਨਾ ਦੇ ਇਤਿਹਾਸਕ ਪਿਛੋਕੜ ਦੇ ਸੰਬੰਧ ਵਿੱਚ ਪ੍ਰਿੰਸੀਪਲ ਤੇਜਾ ਸਿੰਘ ਦਾ ਵਿਚਾਰ ਜਾਂ ਅੰਦਾਜ਼ਾ 'ਮਹਾਨ ਕੋਸ਼' ਦੇ ਕਰਤਾ ਨਾਲੋਂ ਭਿੰਨ ਹੈ। ਉਨ੍ਹਾਂ ਅਨੁਸਾਰ, ਸਤਿਗੁਰੂ ਜੀ ਨੇ ਇਹ ਬਾਣੀ ਬਨਾਰਸ ਦੇ ਪੰਡਿਆਂ ਨੂੰ ਸੁਣਾਈ ਸੀ ਤੇ 'ਗਉੜੀ ਪੂਰਬੀ' ਵਾਂਗ 'ਦਖਣੀ' ਸ਼ਬਦ ਰਾਮਕਲੀ ਰਾਗ ਨਾਲ ਸੰਬੰਧਿਤ ਹੈ ਨਾ ਕਿ ਬਾਣੀ ਦੇ ਨਾਂ ਨਾਲ। ਅਸੀਂ ਕਿਸੇ ਵਿਵਾਦ 'ਚ ਪਏ ਬਿਨਾਂ, ਆਪਣੇ ਚਰਚਾ-ਅਧੀਨ ਵਿਸ਼ੇ ਨੂੰ ਅਗਾਂਹ ਤੋਰਦੇ ਹਾਂ।

'ਦਖਣੀ ਓਅੰਕਾਰ' ਬਾਣੀ ਦੇ ਪ੍ਰਥਮ ਪਦੇ ਦਾ ਸਾਰ-ਤੱਤ ਇਹ ਹੈ ਕਿ ਸਾਰੀ ਸ੍ਰਿਸ਼ਟੀ ਬਲਕਿ ਇਸਦਾ ਅਖੌਤੀ ਰਚਨਹਾਰ (ਬ੍ਰਹਮਾ) ਭੀ ਹਰੀ/ਪਰਮਾਤਮਾ ਨੇ ਹੀ ਬਣਾਇਆ। ਇਸ ਪਦੇ ਦੇ ਪਹਿਲੇ ਛੇ ਵਾਕ ਓਅੰਕਾਰਿ/ਓਅੰਕਾਰੁ ਸ਼ਬਦ ਨਾਲ ਸ਼ੁਰੂ ਹੁੰਦੇ ਹਨ ਤੇ ਅਗਲੇ ਦੋ ਵਾਕ 'ਓਨਮ' ਸ਼ਬਦ ਨਾਲ। ਨੌਵੇਂ ਵਾਕ ਰਾਹੀਂ ਪਾਂਡਿਆਂ/ਪੁਜਾਰੀਆਂ ਨੂੰ ਸੰਬੋਧਨ ਕਰ ਕੇ ਨੌਵੇਂ ਤੇ ਦਸਵੇਂ ਵਾਕਾਂ ਵਿੱਚ ਉਨ੍ਹਾਂ ਨੂੰ ਉਪਦੇਸ਼ ਦਿੱਤਾ ਗਿਆ ਹੈ ਕਿ 'ਗੁਰੂ ਦੇ ਹੁਕਮ ਅੰਦਰ ਰਹਿ ਕੇ ਆਪਣੇ ਹਿਰਦੇ ਦੇ ਅੰਦਰ ਰਾਮ ਨਾਮ ਲਿਖੋ ਨਾ ਕਿ ਹੋਰ ਆਲ-ਜੰਜਾਲ।' ਯਥਾ--

**ਓਅੰਕਾਰਿ ਬ੍ਰਹਮਾ ਉਤਪਤਿ॥**
**ਓਅੰਕਾਰੁ ਕੀਆ ਜਿਨਿ ਚਿਤਿ॥**
**ਓਅੰਕਾਰਿ ਸੈਲ ਜੁਗ ਭਏ॥**
**ਓਅੰਕਾਰਿ ਬੇਦ ਨਿਰਮਏ॥**
**ਓਅੰਕਾਰਿ ਸਬਦਿ ਉਧਰੇ॥**
**ਓਅੰਕਾਰਿ ਗੁਰਮੁਖਿ ਤਰੇ॥**
**ਓਨਮ ਅਖਰ ਸੁਣਹੁ ਬੀਚਾਰੁ॥**
**ਓਨਮ ਅਖਰੁ ਤ੍ਰਿਭਵਣ ਸਾਰੁ॥**
**ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥**
**ਲਿਖੁ ਰਾਮ ਨਾਮ ਗੁਰ ਮੁਖਿ ਗੋਪਾਲਾ॥੧॥**
**ਰਹਾਉ॥**

ਉਪਰੋਕਤ ਵਾਕਾਂ ਦਾ ਭਾਵ-ਅਰਥ ਇਹ ਹੈ--ਕਰਤਾ ਪੁਰਖੁ ਵਾਹਿਗੁਰੂ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ, ਜਿਸ ਨੇ 'ਓਅੰਕਾਰ' ਨੂੰ ਚਿਤ ਵਿੱਚ ਲਿਆਂਦਾ। ਓਸੇ ਹਰੀ ਦੀ ਇੱਛਾ/ਰਜ਼ਾ ਅਨੁਸਾਰ ਪਹਾੜ ਹੋਂਦ ਵਿੱਚ ਆਏ ਅਤੇ ਸਮੇਂ ਦੀ ਵੰਡ ਹੋਈ ਅਥਵਾ ਯੁੱਗ ਬਣੇ। 'ਓਅੰਕਾਰ' ਸਦਕਾ ਹੀ ਵੇਦਾਂ ਦਾ ਨਿਰਮਾਣ ਹੋਇਆ। 'ਓਅੰਕਾਰ' ਸਦਕਾ ਹੀ ਗੁਰੂ ਨੂੰ ਮੰਨਣ ਵਾਲੇ ਤਰੇ। ਹੇ ਪੰਡਿਓ, ਪੁਜਾਰੀਓ! ਓਨਮ (ਓਅੰ) ਅੱਖਰ ਦਾ ਭਾਵ ਸੁਣੋ। ਹੇ ਪਾਂਡੇ! ਤੂੰ ਸੱਚੇ ਅਥਵਾ ਪੂਰੇ ਗੁਰੂ ਦੀ ਸ਼ਰਨ ਵਿੱਚ ਜਾ ਕੇ ਰਾਮ ਦਾ ਨਾਮ (ਆਪਣੇ ਹਿਰਦੇ ਅੰਦਰ) ਲਿਖ, ਕਿਸੇ ਬਾਹਰੀ ਆਲ-ਜੰਜਾਲ 'ਚ ਨਾ ਪੈ ਅਥਵਾ ਸਭ ਜੰਜਾਲਾਂ ਦਾ ਤਿਆਗ ਕਰ!

ਉਪਰੋਕਤ ਦਿੱਤੇ ਪਹਿਲੇ ਪਦੇ ਤੋਂ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅੰਕ 930 ਉੱਪਰ ਹੀ ਪੰਜਵੇਂ ਪਦੇ ਦੇ ਇਹ ਦੋ ਵਾਕ ਵੀ ਓਅੰਕਾਰ ਅਥਵਾ ਏਕੰਕਾਰ ਦੀ ਸੱਤਾ, ਸ਼ਕਤੀ ਤੇ ਮਹਾਨਤਾ ਦਾ ਸਾਨੂੰ ਆਭਾਸ ਕਰਵਾਉਂਦੇ ਹਨ:-

**"ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ**
**ਏਕੋ ਸ੍ਰਿਸਟਿ ਸਬਾਈ॥**
**ਏਕੰਕਾਰ ਅਵਰ ਨਹੀ ਦੂਜਾ**
**ਨਾਨਕ ਏਕ ਸਮਾਈ॥"**

ਜਿਵੇਂ ਸਮੁੰਦਰ ਦੇ ਜਲ ਦੀਆਂ ਤਰੰਗਾਂ ਤੇ ਉਹਦੇ ਜਲ ਵਿੱਚ ਕੇਵਲ ਵੇਖਣ ਮਾਤਰ ਹੀ ਅੰਤਰ ਹੁੰਦਾ ਹੈ ਪਰੰਤੂ ਉਹ

ਦੋਵੇਂ ਇੱਕ ਹੀ ਜਲ ਦੇ ਦੋ ਰੂਪ ਹੁੰਦੇ ਹਨ, ਤਿਵੇਂ ਹੀ ਅਕਾਲ ਪੁਰਖੁ ਅਤੇ 'ਏਕੰਕਾਰ' ਅਥਵਾ 'ਓਅੰਕਾਰ' ਇੱਕੋ ਹੀ ਹਨ। ਜਲ ਨੂੰ ਗਾਗਰ ਅੰਦਰ ਬੰਦ ਕੀਤਿਆਂ ਉਹਦਾ ਆਕਾਰ ਤਾਂ ਭਿੰਨ ਲੱਗਦਾ ਹੈ ਪਰ ਜਲ ਦੇ ਗੁਣ ਨਹੀਂ ਬਦਲਦੇ। ਉਪਰੋਕਤ ਪੰਕਤੀਆਂ ਦਾ ਭਾਵ ਏਹੀ ਹੈ ਕਿ ਅਕਾਲ ਪੁਰਖੁ ਸਦਾ ਸਾਡੇ ਨਿਕਟ ਹੁੰਦਾ ਹੈ, ਸਾਡੇ ਹਿਰਦੇ 'ਚ ਹੁੰਦਾ ਹੈ, ਦੂਰ ਤਾਂ ਕਦਾਚਿਤ ਨਹੀਂ ਹੁੰਦਾ। ਉਹ ਹਰੀ ਆਪ ਹੀ ਏਕੰਕਾਰ ਜਾਂ ਓਅੰਕਾਰ ਹੈ, ਦੋਹਾਂ 'ਚ ਕੋਈ ਭਿੰਨ-ਭੇਦ ਨਹੀਂ। ਕੇਵਲ ਅੱਖਰ ਭਿੰਨ ਹਨ, ਹੋਂਦ ਇੱਕੋ ਹੈ।

ਹੁਣ ਅਸੀਂ ਸ੍ਰੀ ਆਦਿ ਗ੍ਰੰਥ ਸਾਹਿਬ ਅੰਦਰ ਆਏ ਕੁਝ ਹੋਰ ਵਾਕਾਂ 'ਤੇ ਵੀ ਪੰਛੀ-ਝਾਤ ਪਾਉਂਦੇ ਹਾਂ, ਜਿਨ੍ਹਾਂ ਅੰਦਰ ਓਅੰਕਾਰ ਜਾਂ ਏਕੰਕਾਰ ਸ਼ਬਦ ਆਇਆ ਹੈ। ਇੱਕ ਦੋ ਵਾਕਾਂ ਤੋਂ ਛੁੱਟ ਬਾਕੀ ਵਾਕਾਂ ਦੇ ਅਰਥ ਸ੍ਵੈ-ਸਪੱਸ਼ਟ ਹਨ। ਯਥਾ-

**-ਮਨ ਭੂਲੋ ਬਹੁ ਚਿਤੈ ਵਿਕਾਰੁ॥**
**ਮਨੁ ਭੂਲੋ ਸਿਰਿ ਆਵੈ ਭਾਰੁ॥**
**ਮਨ ਮਾਨੈ ਹਰਿ ਏਕੰਕਾਰ॥**

(ਗਉੜੀ ਮਹਲਾ ੧,੨੨੨)

**-ਕਈ ਕੋਟਿ ਖਾਣੀ ਅਰੁ ਖੰਡ॥**
**ਕਈ ਕੋਟਿ ਅਕਾਸ ਬ੍ਰਹਮੰਡ।**
**ਕਈ ਕੋਟਿ ਹੋਏ ਅਵਤਾਰ॥**
**ਕਈ ਜੁਗਤਿ ਕੀਨੋ ਬਿਸਥਾਰ।**
**ਕਈ ਬਾਰ ਪਸਰਿਓ ਪਾਸਾਰ॥**
**ਸਦਾ ਸਦਾ ਇਕ ਏਕੰਕਾਰੁ॥**

(ਸੁਖਮਨੀ ਮਹਲਾ ੫, ੨੭੬)

**-ਆਪਿ ਸਤਿ ਕੀਆ ਸਭੁ ਸਤਿ॥**
**ਤਿਸ ਪ੍ਰਭ ਤੇ ਸਗਲੀ ਉਤਪਤਿ॥**
**ਤਿਸ ਭਾਵੈ ਤਾ ਕਰੇ ਬਿਸਥਾਰ॥**
**ਤਿਸ ਭਾਵੈ ਤਾ ਏਕੰਕਾਰੁ॥**

(ਸੁਖਮਨੀ ਮਹਲਾ ੫, ੨੯੪)

**-ਜਲਿ ਥਲਿ ਪੂਰਿਆ ਸੁਆਮੀ ਸਿਰਜਨਹਾਰੁ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥**

(ਥਿਤੀ ਗਉੜੀ ਮਹਲਾ ੫, ੨੯੬)

**-ਓਅੰਕਾਰ ਆਦਿ ਮੈ ਜਾਨਾ॥**
**ਲਿਖਿ ਅਰੁ ਮੇਟੈ ਤਾਹਿ ਨ ਮਾਨਾ॥**
**ਓਅੰਕਾਰ ਲਖੈ ਜਉ ਕੋਈ॥**
**ਸੋਈ ਲਖਿ ਮੇਟਣਾ ਨਾ ਹੋਈ॥**

(ਬਾਵਨ ਅਖਰੀ ਕਬੀਰ ਜੀਉ ਕੀ)

**-ਸਾਧ ਸੰਗਤਿ ਕਉ ਵਾਰਿਆ**
**ਭਾਈ ਜਿਨ ਏਕੰਕਾਰੁ ਅਧਾਰ॥**

(ਸੋਰਠਿ ਮਹਲਾ ੫ ਘਰੁ ੧ ਤਿਤੁਕੇ)

**-ਅਗਾਧਿ ਏਕੰਕਾਰੁ ਸਾਚਾ**
**ਨਿਤ ਦੇਇ ਚੜੈ ਸਵਾਇਆ॥**

(ਧਨਾਸਰੀ ਮਹਲਾ ੧ ਛੰਤ, ੬੮੮)

**-ਏਕੰਕਾਰੁ ਏਕੁ ਪਸਾਰਾ ਏਕੈ ਅਪਰ ਅਪਾਰਾ॥**
**ਏਕੁ ਬਿਸਥੀਰਨੁ ਏਕੁ ਸੰਪੂਰਨ ਏਕੈ ਪ੍ਰਾਨ ਅਧਾਰਾ॥**

(ਬਿਲਾਵਲ ਮਹਲਾ ੫ ਚਉਪਦੇ, ਘਰ ੭)

**-ਓਅੰਕਾਰਿ ਉਤਪਾਤੀ॥**
**ਕੀਆ ਦਿਨਸੁ ਸਭ ਰਾਤੀ॥**
**ਵਣੁ ਤ੍ਰਿਣੁ ਤ੍ਰਿਭਵਣ ਪਾਣੀ॥**
**ਚਾਰਿ ਬੇਦ ਚਾਰੇ ਖਾਣੀ॥**
**ਖੰਡ ਦੀਪ ਸਭਿ ਲੋਆ॥**
**ਏਕ ਕਵਾਵੈ ਤੇ ਸਭਿ ਹੋਆ॥**

(ਮਾਰੂ ਮਹਲਾ ੫ ਘਰੁ ੪, ੧੦੦੩)

**-ਏਕੰਕਾਰ ਵਸੈ ਮਨਿ ਭਾਵੈ**
**ਹਉਮੈ ਗਰਬਿ ਗਵਾਇਦਾ॥**

(ਮਾਰੂ ਮਹਲਾ ੧, ਦਖਣੀ, 1034)

**-ਤੂੰ ਏਕੰਕਾਰ ਨਿਰਾਲਮੁ ਰਾਜਾ।**

(ਮਾਰੂ ਮਹਲਾ ੧, ੧੦੩੯)

**-ਏਕੰਕਾਰੁ ਸਤਿਗੁਰੁ ਤੇ ਪਾਈਐ**
**ਹਉ ਬਲਿ ਬਲਿ ਦੁਰ ਦਰਸਾਇਣਾ॥**

(ਮਾਰੂ ਸੋਹਿਲੇ ਮਹਲਾ ੫, ੧੦੭੮)

ਇਹਨਾਂ ਵਾਕਾਂ ਤੋਂ ਵੀ ਸਪੱਸ਼ਟ ਹੈ ਕਿ ਕਰਤਾ ਪੁਰਖੁ ਕਰਤਾਰ ਤੇ ਏਕੰਕਾਰ/ਓਅੰਕਾਰ ਇੱਕੋ ਹੀ ਹਸਤੀ ਤੇ ਸ਼ਕਤੀ ਦੇ ਦੋ ਨਾਂ ਹਨ। ਇਨ੍ਹਾਂ ਵਿੱਚ ਫਰਕ ਰੱਤੀ ਭਰ ਵੀ ਨਹੀਂ।

ਸੋ ਉਹ ਜੋ ਸਰਵ-ਵਿਆਪੀ ਤੇ ਸਰਬ ਸ਼ਕਤੀਮਾਨ ਹੈ ਤੇ ਜਿਸ ਹਰ ਸ਼ੈਅ ਪੈਦਾ ਕੀਤੀ ਹੈ ਤੇ ਸਭ ਨੂੰ ਆਪਣੇ ਨਿਯੰਤਰਣ ਵਿੱਚ ਰੱਖਿਆ ਹੈ ਉਹ ਆਪ ਹੀ ਕਰਤਾ ਪੁਰਖੁ ਹੈ, ਆਪ ਹੀ ਸ਼ਬਦ ਹੈ, ਆਪ ਹੀ ਪਰਮ-ਸੱਚਾਈ ਹੈ ਤੇ ਆਪ ਹੀ ਓਮ/ਓਅੰ/ਓਅੰਕਾਰ/ਏਕੰਕਾਰ ਹੈ, ਆਪ ਹੀ ਸੂਖ਼ਮ ਹੈ, ਆਪ ਹੀ ਸਥੂਲ ਹੈ। ਸਭ ਉਸ 'ਚੋਂ ਨਿਕਲੇ ਹਨ ਤੇ ਉਸੇ ਵਿੱਚ ਹੀ ਲੀਨ ਹੋ ਜਾਂਦੇ ਹਨ। ਉਹ ਅਕਾਲ ਪੁਰਖੁ ਅਧਿਆਤਮਕਤਾ ਦੀ ਸਿਖ਼ਰ ਹੈ, ਬੁਲੰਦੀ ਹੈ। ਸਾਡੇ ਜੀਵਨ ਦਾ ਮਕਸਦ ਵੀ ਉਸ ਬੁਲੰਦੀ ਨੂੰ ਪ੍ਰਾਪਤ ਕਰਨਾ ਹੈ ਪਰ ਇਹ ਸੰਭਵ ਤਾਂ ਹੀ ਹੋਵੇਗਾ ਜੇ ਅਸੀਂ ਉਸ ਵਾਂਗ ਨਿਰਭੈ ਤੇ ਨਿਰਵੈਰ, ਨਿਰਮਲ ਤੇ ਨਿਰਛਲ ਹੋ, ਸਦਾ ਉਸਦਾ ਸਿਮਰਨ ਕਰੀਏ।

.........................................................

# ਫਲਾਈਂਗ ਸਿੱਖ ਮਿਲਖਾ ਸਿੰਘ ਦੀ ਦੌੜ

**ਪ੍ਰਿੰ. ਸਰਵਣ ਸਿੰਘ**
**94651-01651**

ਆਖ਼ਰ ਮਿਲਖਾ ਸਿੰਘ ਵੀ ਜਾਂਦਾ ਰਿਹਾ। ਹਫ਼ਤਾ ਪਹਿਲਾਂ ਉਸ ਦੀ ਜੀਵਨ ਸਾਥਣ ਨਿਰਮਲ ਕੌਰ ਨਿੰਮੀ ਚਲੀ ਗਈ ਸੀ। ਪਿੱਛੇ ਛੱਡ ਗਏ ਹਨ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ। 'ਉਡਣਾ ਸਿੱਖ ਮਿਲਖਾ ਸਿੰਘ' ਭਾਰਤ ਦਾ ਹੀ ਨਹੀਂ, ਏਸ਼ੀਆ ਦਾ ਲਾਸਾਨੀ ਦੌੜਾਕ ਸੀ। ਦੌੜ ਉਹਦੀ ਜ਼ਿੰਦਗੀ ਸੀ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦੇ ਕਿਸੇ ਦੌੜਾਕ ਤੋਂ ਚਾਲੀ ਸਾਲ ਨਹੀਂ ਸੀ ਟੁੱਟਾ। ਦੌੜ ਉਹਦੇ ਨਾਲ ਬਚਪਨ ਤੋਂ ਹੀ ਜੁੜ ਗਈ ਸੀ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਹੋਏ ਰੇਤਲੇ ਰਾਹਾਂ 'ਤੇ ਨੰਗੇ ਪੈਰ ਭੁਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਵੇਂ ਠੰਢੇ ਕਰਦਾ। ਫਿਰ ਇਕ ਰੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿੱਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਮਗਰ ਦੌੜਿਆ। ਢਿੱਡ ਦੀ ਭੁੱਖ ਨੇ ਚੋਰੀਆਂ ਚਕਾਰੀਆਂ ਵੀ ਕਰਵਾਈਆਂ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬਿਨ ਟਿਕਟਾ ਸਫ਼ਰ ਕਰਦਾ ਦੌੜਨ ਲੱਗਾ ਤਾਂ ਦਬੋਚਿਆ ਗਿਆ, ਜਿਸ ਕਰਕੇ ਜੇਲ੍ਹ ਵੀ ਪੁੱਜਾ। ਦਿੱਲੀ 'ਚ ਦਿਨ-ਕੱਟੀ ਕਰਦੀ ਉਹਦੀ ਭੈਣ ਨੇ ਵਾਲੀਆਂ ਗਹਿਣੇ ਰੱਖ ਕੇ ਜੇਲ੍ਹੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਘਰੋਂ ਦੌੜਾਅ ਦਿੱਤਾ।



ਚੜ੍ਹਦੀ ਜੁਆਨੀ 'ਚ ਉਹ ਇਕ ਗ਼ਰੀਬ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਕੁੜੀ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ-ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇ.ਸੀ.ਓ. ਬਣਿਆ। ਦੇਸ਼ਾਂ ਵਿਦੇਸ਼ਾਂ ਵਿਚ ਦੌੜ ਕੇ ਉਹ ਕੱਪ ਤੇ ਮੈਡਲ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ ਦਾ ਬੈੱਸਟ ਅਥਲੀਟ ਬਣਿਆ ਤਾਂ ਕੁਲ ਦੁਨੀਆਂ 'ਚ ਮਿਲਖਾ-ਮਿਲਖਾ ਹੋ ਗਈ। 1960 'ਚ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਵਾਰ-ਵਾਰ ਘੇਰਦੀਆਂ ਰਹੀਆਂ ਪਰ ਉਹ ਉਨ੍ਹਾਂ ਤੋਂ ਬਚਦਾ ਬਚਾਉਂਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਬਾਰੇ ਫਿਲਮ ਬਣਾਉਣ ਵਾਲਿਆਂ ਨੂੰ ਵੀ ਇਹੋ ਨਾਂ ਸੁੱਝਾ, 'ਭਾਗ ਮਿਲਖਾ ਭਾਗ'। ਜਨੂੰਨੀਆਂ ਹੱਥੋਂ ਉਹਦੇ ਮਾਰੇ ਜਾ ਰਹੇ ਬਾਪ ਦੇ ਆਖ਼ਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"

ਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਆਖ਼ਰ **17 ਜੂਨ 2021** ਦੀ ਰਾਤ ਨੂੰ ਉਹਦੀ ਜੀਵਨ ਦੌੜ ਪੂਰੀ ਹੋਈ। ਜਿਨ੍ਹਾਂ ਰਾਹਾਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟਰੈਕ, ਟ੍ਰੇਲਾਂ ਤੇ ਗੌਲਫ਼ ਗਰਾਊਂਡਾਂ ਵਿੱਚ ਉਹ ਦੌੜਿਆ ਅੱਜ ਵੀ ਉਥੋਂ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ, ਉਹਦੀਆਂ ਪੈੜਾਂ ਦੇ ਨਿਸ਼ਾਨ ਲਿਸ਼ਕ ਰਹੇ ਹਨ!

ਮਿਲਖਾ ਸਿੰਘ ਦਾ ਕਹਿਣਾ ਸੀ ਕਿ ਕਾਮਯਾਬੀ ਦੀ ਮੰਜ਼ਿਲ ਤੱਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ ਹੁੰਦੀ। ਕਠਨ ਤਪੱਸਿਆ ਬਿਨਾਂ ਜੋਗ ਹਾਸਲ ਨਹੀਂ ਹੁੰਦਾ। ਸਖ਼ਤ ਮਿਹਨਤ

ਬਿਨਾਂ ਜਿੱਤ ਨਸੀਬ ਨਹੀਂ ਹੁੰਦੀ। ਦੌੜਨਾ ਦੁਸ਼ਵਾਰ ਸਾਧਨਾ ਹੈ। ਤਪ ਕਰਨਾ ਹੈ। ਉਸ ਨੂੰ 400 ਮੀਟਰ ਦੀ ਦੌੜ ਦੌੜਨ ਵਿਚ ਪ੍ਰਪੱਕ ਹੋਣ ਲਈ, ਨਵੇਂ ਰਿਕਾਰਡ ਰੱਖਣ ਲਈ, ਵਰ੍ਹਿਆਂ-ਬੱਧੀ ਦੌੜਨ ਦੀ ਪ੍ਰੈਕਟਿਸ ਕਰਨੀ ਪਈ ਸੀ। ਪ੍ਰੈਕਟਿਸ ਕਰਦਿਆਂ ਉਹ ਘੱਟੋ-ਘੱਟੋ 40 ਹਜ਼ਾਰ ਮੀਲ ਦੌੜਿਆ। ਅਨੇਕਾਂ ਵਾਰ ਹਫ਼ਿਆ, ਡਿੱਗਿਆ, ਲਹੂ ਦੀਆਂ ਉਲਟੀਆਂ ਕੀਤੀਆ ਤੇ ਬੇਹੋਸ਼ ਹੋਇਆ। ਦਿਨੇ ਉਹ ਟ੍ਰੈਕ 'ਤੇ ਦੌੜਦਾ ਤੇ ਰਾਤੀਂ ਸੁਪਨਿਆਂ ਵਿੱਚ। ਹਫ਼ਤੇ ਦੇ ਸੱਤੇ ਦਿਨ, ਸਾਲ ਦੇ 365 ਦਿਨ। ਭਾਵੇਂ ਮੀਂਹ ਪਵੇ, ਨੇਰ੍ਹੀ ਵਗੇ, ਉਹ ਬਿਨਾਂ-ਨਾਗਾ ਦੌੜਦਾ। ਉਸ ਨੇ ਦੌੜ-ਦੌੜ ਟ੍ਰੈਕ ਘਸਾ ਦਿੱਤੇ ਸਨ ਅਤੇ ਖੇਤਾਂ ਤੇ ਪਾਰਕਾਂ ਵਿਚ ਪਗਡੰਡੀਆਂ ਪਾ ਦਿੱਤੀਆਂ ਸਨ। ਜੇਕਰ ਉਹ ਧਰਤੀ ਦੁਆਲੇ ਦੌੜਨ ਲੱਗਦਾ ਤਾਂ ਕਦੋਂ ਦਾ ਚੱਕਰ ਲਾ ਗਿਆ ਹੁੰਦਾ। ਕਦੋਂ ਦਾ ਏਸ਼ੀਆ, ਅਫਰੀਕਾ, ਅਮਰੀਕਾ ਤੇ ਯੌਰਪ ਗਾਹ ਗਿਆ ਹੁੰਦਾ!

ਇਕ ਸਮੇਂ 100 ਮੀਟਰ, 200 ਮੀਟਰ, 400 ਮੀਟਰ ਤੇ 4+400 ਮੀਟਰ ਰਿਲੇਅ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਸ ਨੇ 1958 ਵਿਚ ਭਾਰਤ ਲਈ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ ਸੀ। ਫਿਰ ਏਸ਼ਿਆਈ ਖੇਡਾਂ 'ਚੋਂ ਚਾਰ ਸੋਨੇ ਦੇ ਤਗ਼ਮੇ ਜਿੱਤੇ। ਕੌਮੀ ਤੇ ਕੌਮਾਂਤਰੀ ਦੌੜਾਂ ਵਿਚ ਉਹਦੇ ਤਗ਼ਮਿਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ 80 ਇੰਟਰਨੈਸ਼ਨਲ ਦੌੜਾਂ ਦੌੜਿਆ ਜਿਨ੍ਹਾਂ 'ਚੋਂ 77 ਦੌੜਾਂ ਜਿੱਤਿਆ। 1960 'ਚ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੇ 400 ਮੀਟਰ ਦੀ ਦੌੜ 45.6 ਸੈਕੰਡ ਵਿਚ ਲਾ ਕੇ ਪਹਿਲਾ ਓਲੰਪਿਕ ਰਿਕਾਰਡ ਮਾਤ ਪਾਇਆ ਸੀ। ਸਿੰਡਰ ਟਰੈਕ ਉਤੇ ਕਿੱਲਾਂ ਵਾਲੇ ਭਾਰੇ ਸਪਾਈਕਸਾਂ ਨਾਲ ਲਾਈ ਦੌੜ ਦਾ ਉਹ ਨੈਸ਼ਨਲ ਰਿਕਾਰਡ ਭਾਰਤੀ ਅਥਲੀਟਾਂ ਲਈ 20ਵੀਂ ਸਦੀ ਦੇ ਅੰਤ ਤਕ ਚੈਲੰਜ ਬਣਿਆ ਰਿਹਾ। ਐਨ.ਆਈ.ਐਸ. ਪਟਿਆਲੇ ਦੇ ਅਜਾਇਬ ਘਰ ਵਿਚ ਪਏ ਉਹਦੇ ਕਿੱਲਾਂ ਵਾਲੇ ਭਾਰੇ ਸਪਾਈਕਸ ਭਾਰਤ ਦੇ ਅਥਲੀਟਾਂ ਨੂੰ ਵੰਗਾਰਦੇ ਰਹੇ, ਆਵੇ ਕੋਈ ਨਿੱਤਰੇ!

ਮਿਲਖਾ ਸਿੰਘ ਦਾ ਜਨਮ ਸ. ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਕੌਰ ਦੀ ਕੁੱਖੋਂ ਹੋਇਆ ਸੀ। ਵਧਾਵੀ ਕੌਰ ਦਾ ਪੇਕੜਾ ਨਾਂ ਚਾਵਲੀ ਬਾਈ ਸੀ। ਉਹ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਤਹਿਸੀਲ ਕੋਟ ਅੱਦੂ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਰਹਿੰਦੇ ਸਨ। ਉਥੇ ਦੋ ਪਿੰਡ ਸਿੱਖਾਂ ਦੇ ਸਨ। ਗੋਬਿੰਦਪੁਰਾ ਦਾ ਪਹਿਲਾ ਨਾਂ ਬੁਖਾਰੀਆਂ ਸੀ। ਬਾਅਦ ਵਿਚ ਸਿੱਖਾਂ ਨੇ ਗੋਬਿੰਦਪੁਰਾ ਰੱਖਿਆ। ਉਹਦੇ ਉੱਤਰ ਵੱਲ ਜ਼ਿਲ੍ਹਾ ਮੁਲਤਾਨ ਸੀ ਤੇ ਦੱਖਣ ਵੱਲ ਰਿਆਸਤ ਬਹਾਵਲਪੁਰ। ਉਥੋਂ ਦੀ ਉਪ ਭਾਸ਼ਾ ਮੁਲਤਾਨੀ ਸੀ। ਹੁਣ ਉਹ ਇਲਾਕਾ ਚੰਗਾ ਆਬਾਦ ਹੈ। ਸ਼ਾਇਦ ਉਥੋਂ ਦੇ ਲੋਕ ਵੀ ਮਿਲਖਾ ਸਿੰਘ ਨੂੰ ਯਾਦ ਕਰਦੇ ਹੋਣ ਕਿ ਉਹ ਮਹਾਨ ਦੌੜਾਕ ਸਾਡੇ ਵਿਚੋਂ ਹੀ ਸੀ!

ਮਿਲਖਾ ਸਿੰਘ ਦੀ ਜਨਮ ਮਿਤੀ ਦਾ ਕਿਸੇ ਨੂੰ ਵੀ ਪੱਕਾ ਪਤਾ ਨਹੀਂ। ਉਂਜ ਉਹਦੀਆਂ ਤਿੰਨ ਜਨਮ ਮਿਤੀਆਂ ਲਿਖੀਆਂ ਮਿਲਦੀਆਂ ਹਨ। 20 ਨਵੰਬਰ 1929, 17 ਅਕਤੂਬਰ 1935 ਅਤੇ 20 ਨਵੰਬਰ 1935, ਦੇਸ਼ ਦੀ ਵੰਡ ਵੇਲੇ ਉਹ ਅੱਠਵੀਂ 'ਚ ਪੜ੍ਹਦਾ ਸੀ। ਅੰਦਾਜ਼ੇ ਨਾਲ ਉਹਦਾ ਜਨਮ ਸਾਲ 1932 ਦਾ ਮੰਨਿਆ ਜਾ ਸਕਦੈ। ਉਹ ਲਗਭਗ ਸੱਠ ਸਾਲ ਚੰਡੀਗੜ੍ਹ ਦੇ ਖੇਡ ਮੈਦਾਨਾਂ ਤੇ ਪਾਰਕਾਂ 'ਚ ਜੌਗਿੰਗ ਕਰਦਾ ਅਤੇ ਗੌਲਫ਼ ਖੇਡਦਾ ਰਿਹਾ। ਉਹਦੀ ਸਿਹਤ ਵੱਲ ਵੇਖਦਿਆਂ ਲੱਗਦਾ ਸੀ ਕਿ ਸੈਂਚਰੀ ਮਾਰ ਜਾਵੇਗਾ। ਪਰ ਕਰੋਨਾ ਉਸ ਮਹਾਨ ਦੌੜਾਕ ਨੂੰ ਨੱਬੇ ਕੁ ਸਾਲ ਦੀ ਉਮਰ ਵਿਚ ਲੈ ਬੈਠਾ। ਪਾਸ਼ ਨੇ ਉਹਦੀ ਸਵੈਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਲਿਖੀ ਸੀ ਤੇ ਮੈਂ ਉਹਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਛਪਵਾਈ ਜਿਸ ਦੇ ਸਰਵਰਕ ਉਤੇ ਦਰਜ ਹੈ:-

ਅਣਵੰਡੇ ਪੰਜਾਬ ਵਿਚ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਪਿੰਡ ਗੋਬਿੰਦਪੁਰਾ ਵਿਖੇ ਇਕ ਗ਼ਰੀਬ ਕਿਸਾਨ ਘਰ ਦਾ ਜੰਮਪਲ ਹੋ ਕੇ, 1947 ਦੀ ਦੇਸ਼-ਵੰਡ ਸਮੇਂ ਆਪਣੀਆਂ ਅੱਖਾਂ ਸਾਹਮਣੇ ਮਾਂ ਬਾਪ ਤੇ ਭੈਣ ਭਰਾ ਕਤਲ ਹੁੰਦੇ ਵੇਖ ਕੇ, ਬਚਪਨ ਤੇ ਭਵਿੱਖ ਟੁਕੜੇ ਟੁਕੜੇ ਕਰਾ ਕੇ, ਮਾਤ-ਭੂਮੀ ਤੋਂ ਉੱਜੜ ਪੁੱਜੜ ਕੇ, ਅਨਾਥ ਹੋ ਕੇ, ਭੁੱਖੇ ਪਿਆਸੇ ਰਹਿ ਕੇ, ਜੇਲ੍ਹ ਦੀ ਹਵਾ ਖਾ ਕੇ, ਅੰਤਾਂ ਦੀਆਂ ਦੁਸ਼ਵਾਰੀਆਂ ’ਚੋਂ ਲੰਘ ਕੇ, ਫੌਜ ਵਿੱਚ ਭਰਤੀ ਹੋ ਕੇ, ਵੱਡੀ ਉਮਰ 'ਚ ਦੌੜ ਮੁਕਾਬਲੇ ਸ਼ੁਰੂ ਕਰ ਕੇ ਤੇ ਫਿਰ 'ਦੌੜ ਦਾ ਬਾਦਸ਼ਾਹ' ਬਣ ਕੇ ਜੋ ਮਿਸ਼ਾਲ ਮਿਲਖਾ ਸਿੰਘ ਨੇ ਜਗਾਈ ਉਹ ਸਾਡੇ ਸਭਨਾਂ ਲਈ ਚਾਨਣ ਮੁਨਾਰਾ ਹੈ।

ਮਿਲਖਾ ਸਿੰਘ ਦੀ ਜਗਾਈ ਮਿਸ਼ਾਲ ਹਰ ਬੱਚੇ ਨੂੰ, ਹਰ ਨੌਜੁਆਨ ਨੂੰ, ਹੌਂਸਲਾ ਹਾਰੀ ਬੈਠੇ ਹਾਰੀ-ਸਾਰੀ ਨੂੰ, ਡਿੱਗੇ-ਢੱਠੇ ਇਨਸਾਨਾਂ ਨੂੰ ਉੱਚੀਆਂ ਉਡਾਰੀਆਂ ਭਰਨ ਅਤੇ ਮੰਜ਼ਿਲਾਂ ਮਾਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਚਾਨਣ ਮੁਨਾਰਾ ਹੋ ਸਕਦੀ ਹੈ, ਰਾਹ-ਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ, ਤੇਜ਼ ਕਦਮਾਂ ਨਾਲ ਕੇਵਲ 400 ਮੀਟਰ ਦੀ ਦੌੜ ਹੀ ਨਹੀਂ ਬਲਕਿ ਹਰ ਬਾਲਕ ਅੰਦਰ ਸੁੱਤੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ। ਪਰ ਇਰਾਦੇ ਦੀ ਦ੍ਰਿੜ੍ਹਤਾ, ਸਦੀਵੀ ਲਗਨ ਅਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ।

..........................................................

# *Remembering S. Milkha Singh*

*Harkirat Singh*

**94630–10382**

World's one and only flying Sikh "Milkha Singh" who just left for heavenly abode last week, has left an inedible mark in our memories. His recently released biopic "*Bhag milkha bhag*" has given him much deserved fame, made him a star athlete in India. His witnessed so many tragic phases that his life story has become an epitome of inspiration. Whether in Asian games or Olympics, Milkha Singh has made India proud.

Born in 1935, Lyallpur (now in Pakistan), Milkha Singh had a close shave with the 1947 massacre, it is said that his family was brutally killed in front of his eyes and somehow he managed to escape from it and reached Ferozepur (India).

This clearly depicts that his childhood was full of tragedies and miseries, which may have led him to the wrong way/ it is usually seen that certain individuals with a tragic past resort to unlawful activities. But destiny had decided otherwise for Milkha Singh. In his 4th attempt, he got enrolled in the Indian army and this was the turning point of his life.

Milkha Singh was a born athlete, his coach Havaldar Gurdev singh recognized his talent and started engraving his skills, his training time was not so easy, those were the days when sportsmen were merely equipped with the resources they need.

His hard training-days finally paid off. He became the only athlete to win Gold Medal in 400 meters at the Asian Games as well as the Commonwealth Games. He represented India in the 1956, 1960 & 1964 Summer Olympics, and was awarded with Padma Shri, India's fourth-highest civilian honor, for his outstanding achievements in sports.

It is not everybody's cup of tea to become a successful sportsmen, seriously it is not at all easy, one often has to face the failure again and again, and needs to maintain the "never giving up" attitude. Being the Asia's fastest 400 meter athlete, and one of the strongest contenders of an Olympic medal, he missed the battle with a fraction of seconds, which remained his most regretting moment ever, as he claims in his interviews. Those few micro seconds left his 15 years of practice in vain. He might have lost the battle on track, but won millions of hearts.

One fascinating incident happened when he went to Pakistan for Indo-Pak sports meet, initially he was reluctant to go, as his parents has been murdered in Pakistan, that incident was still a nightmare for him. But finally he agreed, his competitor was Abdul Khaliq, Pakistan's ace athlete. The stadium was completely packed, Pakistan's General Ayub Khan was presiding over the event, everyone was excited and their hearts were beating, racing track was ready to witness the historical day. It was not Milkha Singh vs Abdul Khaliq, it was India vs Pakistan.

Just before the race, a group of Muslim priests came to bless Abdul Khaliq and prayed for his win, when they were about to leave, Milkha Singh said, "I stopped one of them and sought blessings from him by saying that I am too a man of God (khuda ka banda),"and then the race began, and we all know what happened next, Milkha Singh won the race, General Ayub (the then Pakistan President) came up to him and said: "Milkha you did not run, you flew." This is how Milkha singh became the "Flying Sikh". But I think his "never say no" attitude gives him much more dimensions then a flying Sikh. It is not normal to achieve such achievements when you have such a dark past, I would say, it god's will, which was behind him.

Milkha Singh was also a great philanthropist, he sold his biography for a commercial film without charging even a penny, but kept the only clause which say 15% of the profit will be given to the Milkha Singh foundation which works for underprivileged and deprived families of army personnel.

In early 70s, when Milkha Singh met Satguru Jagjit Singh ji, in Delhi, he told Satguru ji how he practiced and developed his stamina. Satguru ji was impressed from his hard work, and often quoted Milkha Singh's words in His discourses. Satguru ji says that the way Milkha singh develops his stamina in his game, the same way Sant Jawahar singh Mirzewaliye and Sant Ruldu singh ji mastered long sittings during Naam simran (meditation) without sleep. One has to be determined for his objectives and goals, rise and fall comes and goes, but one should never give up, this is the key to success. Even Satguru ji sent one of his athletes to Chandigarh to make him learn some skills from Milkha Singh.

At last, I would say, his struggle and hard work will always be a source of inspiration for the youth and we hope that one day someone will definitely grab the Olympic medal in a track event which was once missed by Milkha Singh and give an actual tribute to the "flying Sikh", who wrote history with his foot.

## ਮਾਂ ਦਾ ਸਮਾਜਵਾਦੀ ਚਿੰਤਨ


**ਡਾ. ਦੇਵਿੰਦਰ ਸੈਫ਼ੀ**

ਹਰ ਟੀ.ਵੀ. ਚੈਨਲ
ਜੇਤੂ ਕ੍ਰਿਕਟ ਟੀਮ ਦੀ ਖ਼ਬਰ
ਵਾਰ ਵਾਰ ਵਿਖਾ ਰਿਹਾ ਸੀ
ਕੁਝ ਖਿਡਾਰੀਆਂ ਦੇ
ਨਿਰੰਤਰ ਸੋਹਿਲੇ ਗਾ ਰਿਹਾ ਸੀ
ਤੇ ਨਾਲ ਹੀ ਉਹਨਾਂ ਵਾਸਤੇ
ਪੇਸ਼ ਕੀਤੀ ਜਾ ਰਹੀ
ਵਡੇਰੀ ਧਨ-ਰਾਸ਼ੀ ਦੇ
ਐਲਾਨ ਸੁਣਾ ਰਿਹਾ ਸੀ

ਮੇਰੇ ਕੋਲ ਬੈਠੀ ਮਾਂ ਨੇ
ਸੁਭਾਵਕ ਜੇਹੀ ਹੈਰਾਨੀ ਨਾਲ ਕਿਹਾ,
'ਇਹਨਾਂ ਨੂੰ ਏਨਾ ਕੁਝ ਦਈ ਜਾਂਦੇ ਆ
ਭਲਾ ਇਹ ਭੱਠੇ 'ਤੇ
ਇੱਟਾਂ ਢੋਣ ਵਾਲਿਆਂ ਨਾਲੋਂ
ਬਾਹਲਾ ਜ਼ੋਰ ਤਾਂ ਨੀ ਲਾਉਂਦੇ ਹੋਣੇ !!!
ਉਹਨਾਂ ਵਿਚਾਰਿਆਂ ਨੂੰ ਤਾਂ
ਇਹਨਾਂ ਹੱਥੋਂ
ਕਦੇ ਚਾਰ ਕੱਪੜੇ ਵੀ ਨੀਂ ਸਰਦੇ

# ਬੀਤੇ ਦੀਆਂ ਪੈੜਾਂ

## (ਅਣਛਪਿਆ-ਭਾਗ)



ਪ੍ਰੀਤਮ ਸਿੰਘ ਕਵੀ

**(ਪਿਛਲੇ ਅੰਕ ਤੋਂ ਅੱਗੇ)** **24-9-1986**

**ਮਲਹੋਤਰਾ ਪਰਵਾਰ ਵਲੋਂ ਮੇਲਾ –** ਸ਼ਾਮ ਦਾ ਦੀਵਾਨ ਮਲਹੋਤਰਿਆਂ ਦੇ ਪਿਤਾ-ਮਾਤਾ ਨੂੰ ਸਮਰਪਤ ਸੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਖੁੱਲ੍ਹੇ ਹਾਲ ਵਿੱਚ ਖੂਬ ਜੁੜੀ ਸੰਗਤ ਨੇ ਨਾਮ ਸਿਮਰਨ ਕੀਤਾ ਅਤੇ ਨਾਮ ਸਿਮਰਨ ਸਮੇਂ ਹੀ ਪੂਰਵ ਸਤਿਗੁਰੂਆਂ ਅਤੇ ਸ. ਮੁਕੰਦ ਸਿੰਘ, ਸ. ਪ੍ਰੀਤਮ ਸਿੰਘ, ਸ. ਕਰਤਾਰ ਸਿੰਘ, ਸ. ਕਿਰਪਾਲ ਸਿੰਘ ਅਤੇ ਸ. ਲਾਲ ਸਿੰਘ ਵਲੋਂ ਆਪਣੀ ਮਾਤਾ ਅਤੇ ਪਿਤਾ ਸੰਤ ਜੋਤਾ ਸਿੰਘ ਨਮਿਤ ਸਾਧਾਰਨ ਪਾਠਾਂ ਦੇ ਭੋਗ ਪੁਆਏ ਗਏ। ਕੀਰਤਨ ਅੱਜ ਭੀ ਹੱਲੇ ਦੇ ਜਥੇ ਵਲੋਂ ਸੀ ਪਰ ਅੱਜ ਇਸ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਸੰਤ ਹਰਬੰਸ ਸਿੰਘ ਘੁੱਲਾ ਦੀਆਂ ਸੁਰਾਂ ਵੀ ਰੰਗ ਬੰਨ੍ਹ ਰਹੀਆਂ ਸਨ। ਮੁੱਖ ਟੇਕ ਸੀ –

ਧਨਿ ਧੰਨਿ ਓ ਰਾਮ ਬੇਨ ਬਾਜੈ ॥
ਮਧੁਰ ਮਧੁਰ ਧੁਨਿ ਅਨਹਤ ਗਾਜੈ ॥

**ਇੱਕ ਨਵਾਂ ਵਕਤਾ –** 6.25 ਤੇ ਹੀ ਸ਼ਬਦ ਸਮਾਪਤੀ ’ਤੇ ਅਰਦਾਸ ਹੋ ਗਈ। ਫਿਰ ਨਾਮਧਾਰੀਆਂ ਵਿੱਚ ਲੰਮੀ ਦਾੜ੍ਹੀ ਜਾਂ ਚੁੱਪ ਨਾਂ ਨਾਲ ਜਾਣੇ ਜਾਂਦੇ ਸੰਤ ਸਵਰਨ ਸਿੰਘ ਆਪਣੀ ਸੂਖਮ ਕਾਇਆ ਨਾਲ ਮੰਚ ਉੱਤੇ ਆਏ। ਇਹਨਾਂ ਨੂੰ ਮੈਂ ਪਹਿਲੀ ਵਾਰ ਹੀ ਵਕਤਾ ਦੇ ਰੂਪ ਵਿੱਚ ਤੇ ਉਹ ਵੀ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਕੁਛ ਕਹਿੰਦਿਆਂ ਸੁਣਿਆ ਸੀ। ਇਹਨਾਂ ਦਾ ਭਾਸ਼ਣ ਨਹੁੰ ਪਾਲਿਸ਼ ਦੇ ਖਿਲਾਫ ਸੀ। ਇਹਨਾਂ ਨੇ ਨਹੁੰ ਰੰਗਣ ਵਾਲੀਆਂ ਬੀਬੀਆਂ ਦੇ ਖਿਲਾਫ ਕਾਫ਼ੀ ਤਿੱਖੇ ਰਿਮਾਰਕਸ ਦਿੱਤੇ। ਇਹਨਾਂ ਦਾ ਕਹਿਣਾ ਸੀ ਕਿ ਅਜਿਹੀਆਂ ਬੀਬੀਆਂ ਸਾਨੂੰ, ਆਟਾ ਗੁੰਨਣ ਕਾਰਨ ਜਾਨਵਰਾਂ ਦਾ ਲਹੂ ਹੀ ਖੁਆਂਦੀਆਂ ਹਨ। ਸੰਤ ਜੀ ਆਪਣੀ ਪੂਰੀ ਨਿਰਭੈਤਾ ਤੇ ਸੁਹਿਰਦਤਾ ਨਾਲ ਬੋਲੇ।

ਉਪਰੰਤ 6.30 ਤੇ ਪੰਡਿਤ ਗੋਪਾਲ ਸਿੰਘ ਜੀ ਨੇ ਪੁਰਾਣੇ ਸਾਧੂਆਂ ਦੀਆਂ ਵਾਰਤਾਵਾਂ ਸੁਣਾਈਆਂ। ‘ਜ਼ਿਲ੍ਹਾ ਲਾਹੌਰ ਦੇ ਸੰਤ’ ਉਨ੍ਹਾਂ ਦਾ ਵਿਸ਼ਾ ਸੀ। ਸੰਤ ਗੰਡਾ ਸਿੰਘ ਇੱਬਣ, ਸੰਤ ਵਸਾਵਾ ਸਿੰਘ (ਜੀਆ ਬੱਗਾ) ਅਤੇ ਸੰਤ ਸੰਮਾ ਸਿੰਘ ਤੰਬੋਲੀ ਕੇ ਖੂਹ, ਸੰਤ ਜੈਮਲ ਸਿੰਘ ਆਦਿ ਮਹਾਂਪੁਰਸ਼ਾਂ ਦੀਆਂ ਕਥਾਵਾਂ ਰੋਚਕਤਾ ਦੇ ਨਾਲ ਪੁਰਾਤਨ ਸੰਤਾਂ ਦੇ ਸੂਫ਼ੀਪਨ ਦੀ ਵੀ ਮਿਸਾਲ ਸਨ।

**ਹਰਮੀਤ ਪਾਲ ਸਿੰਘ ਨੂੰ ਇਨਾਮ –** ਸ੍ਰੀ ਸਤਿਗੁਰੂ ਜੀ ਦੇ ਸੱਜੇ ਹੱਥ ਦੀ ਸੰਗਤ ਵਿੱਚ ਅੱਜ ਅੱਗੇ ਹੋ ਕੇ ਬੈਠਾ ਇੱਕ ਛੀਟਕਾ ਜਿਹਾ ਜਵਾਨ ਸੀ, ਜਿਸਦੀ ਦਾੜ੍ਹੀ ਕੱਟੀ ਹੋਈ, ਰੰਗ ਗੋਰਾ, ਦਸਤਾਰ ਸਿੱਧੀ। ਬੈਂਕੋਕ ਵਿੱਚ ਨਵੀਂ ਪਨੀਰੀ, ਸਾਧ ਸੰਗਤ ਤੋਂ ਦੂਰ ਰਹਿਣ ਕਰਕੇ ਮਨਮਤ ਵਰਤ ਜਾਂਦੀ ਹੈ।

ਪੰਡਿਤ ਜੀ ਦੇ ਕਥਨ ਉਪਰੰਤ ਮੰਚ ਵਲੋਂ ਏਸ ਲੜਕੇ ਨੂੰ ਸ੍ਰੀ ਸਤਿਗੁਰੂ ਜੀ ਦੇ ਪੇਸ਼ ਹੋਣ ਲਈ ਕਿਹਾ ਗਿਆ। ਇਹ ਨੌਜਵਾਨ ਸੀ ਹਰਮੀਤ ਪਾਲ ਸਿੰਘ ਸਪੁੱਤਰ ਸ. ਬੇਅੰਤ ਸਿੰਘ ਸਾਹਮਣੇ ਆਇਆ ਤਾਂ ਦੀਨ ਦਿਆਲ ਜੀ ਨੇ ਉਸਨੂੰ ਇਨਾਮ ਵਜੋਂ ਕੋਈ ਵਸਤੂ ਦਿੱਤੀ ਅਤੇ ਇੱਕ ਮਾਲਾ ਵੀ ਬਖਸ਼ੀ। ਇਹ ਉਸਨੂੰ ਬੈਡਮਿੰਟਨ ਖੇਡਣ ਤੇ ਉਸ ’ਚੋਂ ਜੇਤੂ ਪੁਜ਼ੀਸ਼ਨ ਕਰਕੇ ਇਨਾਮ ਸੀ। ਥੋੜ੍ਹੇ ਸ਼ਬਦ ਸ੍ਰੀ ਸਤਿਗੁਰੂ ਜੀ ਨੇ ਉਸ ਪ੍ਰਥਾਇ ਆਖੇ : “ਇਹ ਲੜਕਾ ਹਰਮੀਤ ਪਾਲ ਸਿੰਘ ਮਾਸ ਸ਼ਰਾਬ ਨਹੀਂ ਵਰਤਦਾ, ਮੈਂ ਇਸਨੂੰ ਕਿਹਾ ਸੀ ਕਿ ਦਾੜ੍ਹੀ ਨਾ ਕੱਟਿਆ ਕਰ, ਇਹ ਬਚਨ ਮੰਨ ਗਿਆ। ਇਹ ਬੈਡਮਿੰਟਨ ਬਹੁਤ ਵਧੀਆ ਖੇਡਿਆ ਹੈ। ਇਸੇ ਗੱਲ ਦਾ ਇਸਨੂੰ ਇਨਾਮ ਦਿੱਤਾ ਹੈ। ਮੇਰਾ ਜੀ ਕਰਦਾ ਹੈ ਹੋਰ ਵੀ ਜਵਾਨ ਏਹਦੇ ਵਾਂਗ ਖੇਡਣ। ਜਤਨ ਕਰਨ ਕਿ ਰਲ ਮਿਲ ਕੇ ਚੰਗੇ ਹੋਣ ਵੱਲ ਵਧਿਆ ਜਾਵੇ। ਮੈਂ ਸਮਝਦਾ ਹਾਂ ਕਿ ਕਸੂਰ ਬੱਚਿਆਂ ਦਾ ਨਹੀਂ ਮਾਪਿਆਂ ਦੀ ਅਣਗਹਿਲੀ ਹੈ ਕਿ ਉਹ ਬੱਚਿਆਂ ਨੂੰ ਵੇਲੇ ਸਿਰ ਕੰਟਰੋਲ ਨਹੀਂ ਕਰਦੇ। ਧਿਆਨ ਦਿਓ, ਘੋਰ ਕਲਜੁਗ ਦਾ ਸਮਾਂ ਹੈ। ਸਤਿਗੁਰੂਆਂ ਨੇ ਸਾਨੂੰ ਭਜਨ ਬਾਣੀ ਵੱਲ ਲੱਗੇ ਰਹਿਣ ਦੀ ਪ੍ਰੇਰਨਾ ਕੀਤੀ ਹੈ। ਬੱਚਿਆਂ ਨੂੰ ਕਛਹਿਰੇ ਪਾਉਣ ਤੇ ਭਜਨ ਕਰਨ, ਬਾਣੀ ਪੜ੍ਹਨ ਵੱਲ ਲਾਓ।”

ਦੀਵਾਨ ਸਮਾਪਤੀ ਉਪਰੰਤ ਅੱਜ ਸਾਧ ਸੰਗਤ ਨੇ ਮਲਹੋਤਰਾ ਪਰਵਾਰਾਂ ਵਲੋਂ ਤਿਆਰ ਕੀਤਾ ਕਰਵਾਇਆ

ਗਿਆ ਲੰਗਰ ਛਕਿਆ। ਪ੍ਰਸ਼ਾਦ ਪਾਣੀ ਵਲੋਂ ਹਰ ਕੋਈ ਤ੍ਰਿਪਤ ਸੀ।

**ਸਚਦੇਵ ਨੂੰ ਤਸੱਲੀ –** ਮੈਨੂੰ ਧਰਮਸਾਲਾ ਤੋਂ ਡੇਰੇ ਪੁਚਾਉਣ ਲਈ ਸੇਠ ਜਗਤਾਰ ਸਿੰਘ ਸਚਦੇਵ ਕਾਰ ਲਈ ਆ ਗਏ। ਇਹਨਾਂ ਦੱਸਿਆ ਕਿ ਅੱਜ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਦੀ ਬੇਨਤੀ ਪਰਵਾਨ ਕਰਕੇ ਉਹਨਾਂ ਦੇ ਦਫ਼ਤਰ ਅਤੇ ਦੁਕਾਨ ਵਿੱਚ ਵੀ ਦਰਸ਼ਨ ਦੇਣ-ਚਰਨ ਪਾਉਣ ਦੀ ਕਿਰਪਾ ਕੀਤੀ। ਸ਼੍ਰੀ ਸਚਦੇਵ ਨੇ ਦੱਸਿਆ ਕਿ ਅੱਜ ਉਸਨੇ ਸ੍ਰੀ ਸਤਿਗੁਰੂ ਜੀ ਨਾਲ ਦਿਲ ਖੋਲ੍ਹ ਕੇ ਗੱਲਬਾਤ ਕੀਤੀ। ਸੱਚੇ ਪਾਤਸ਼ਾਹ ਜੀ ਨੇ ਧੀਰਜ ਅਤੇ ਪਿਆਰ ਨਾਲ ਉਸਦੀ ਸਾਰੀ ਵਿਥਿਆ ਸੁਣੀ। ਉਸਨੇ ਆਪਣੇ ਮਨ ਦੇ ਸਾਰੇ ਉਦਗਾਰ ਸ੍ਰੀ ਚਰਨਾਂ ਵਿੱਚ ਰੱਖੇ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਸ਼ੰਕਾਵਾਂ ਕੇਵਲ ਏਸ ਕਰਕੇ ਉਪਜਦੀਆਂ ਹਨ ਕਿ ਅਸੀਂ ਕੇਂਦਰ ਤੋਂ ਦੂਰ ਰਹਿੰਦੇ ਹਾਂ। ਸੱਚੇ ਪਾਤਸ਼ਾਹ ਜੀ ਨੇ ਕੇਂਦਰ ਨਾਲ ਜੁੜੇ ਰਹਿਣ ਲਈ, ਉਸਨੂੰ ਭੈਣੀ ਸਾਹਿਬ ਜਾਂਦੇ ਆਉਂਦੇ ਰਹਿਣ ਲਈ ਆਖਿਆ ਅਤੇ ਬਚਨ ਕੀਤਾ : "ਆਪਣੇ ਬੱਚਿਆਂ ਨੂੰ ਅੱਸੂ ਦੇ ਮੇਲੇ ਤੇ ਭੇਜਿਆ ਕਰੋ। ਇਸ ਨਾਲ ਉਨ੍ਹਾਂ ਨੂੰ ਸਾਧ ਸੰਗਤ ਵਿੱਚ ਉੱਠਣ ਬੈਠਣ ਦੀ ਜਾਚ ਆਵੇਗੀ।" ਸੇਠ ਜਗਤਾਰ ਸਿੰਘ ਸਚਦੇਵ ਨੇ ਸਤਿ ਬਚਨ ਕਹਿ ਕੇ ਸੁਝਾਉ ਪ੍ਰਵਾਨ ਕੀਤਾ।

ਰਾਤੀਂ 8.30 ਵਜੇ ਫੇਰ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਵਿੱਚ, ਨਾਮਧਾਰੀ ਖਿਡਾਰੀਆਂ ਦੇ ਹੌਂਸਲੇ ਵਧਾਣ ਲਈ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ।

**25 ਸਤੰਬਰ 1986, ਵੀਰਵਾਰ**
**ਬੈਂਕੋਕ, ਥਾਈਲੈਂਡ**

**ਅੰਤਮ ਦਿਨ ਸੇਠ ਜੀ ਦੇ ਬੰਗਲੇ –** ਰਾਤ ਹੀ ਸੰਤ ਨਰਾਇਣ ਸਿੰਘ ਨਰੂਲਾ ਨੇ, ਜੋ ਕਿ ਸ੍ਰੀ ਸਤਿਗੁਰੂ ਜੀ ਦੇ ਇਸ ਦੌਰੇ ਸਮੇਂ ਮੁੱਖ ਸੂਚਨਾਕਾਰ, ਕਾਰਜ ਕਰਮ ਪ੍ਰਬੰਧਕ ਅਤੇ ਅਰਦਾਸੀਏ ਦੀ ਸੇਵਾ ਨਿਬਾਹੁੰਦੇ ਰਹੇ, ਸਾਧ ਸੰਗਤ ਨੂੰ ਦੱਸਿਆ ਕਿ ਆਉਣ ਵਾਲੇ ਦਿਨ ਦੀ ਆਸਾ ਦੀ ਵਾਰ ਸੇਠ ਤਰਲੋਕ ਸਿੰਘ ਦੇ ਬੰਗਲੇ 277, ਸੋਇ 31 ਵਿੱਚ ਲੱਗੇਗੀ ਅਤੇ ਇਹ ਦਿਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਤੇ ਆਪ ਜੀ ਦੀ ਸੇਵਾ ਵਿੱਚ ਆਏ ਜਥੇ ਦਾ ਦੇਸ ਪਰਤਣ ਦਾ ਦਿਨ ਹੋਵੇਗਾ।

ਸੁ ਅੱਜ ਅੰਮ੍ਰਿਤ ਵੇਲੇ, ਸੇਠ ਜੀ ਦੇ ਬੰਗਲੇ ਦੇ ਦੁਤਰਫੇ ਖੁੱਲ੍ਹੇ ਵਿਸ਼ਾਲ ਹਾਲ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਸੂਬਾ ਕਿਰਪਾਲ ਸਿੰਘ, ਸੰਤ ਜਗਜੀਤ ਸਿੰਘ ਆਜ਼ਾਦ, ਸ਼੍ਰੀ ਨਰੈਣ ਸਿੰਘ ਅਤੇ ਹੋਰ ਬੈਂਕੋਕ ਨਿਵਾਸੀਆਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਪਰ ਅਗਵਾਈ ਸਤਿਗੁਰੂ ਜੀ ਦੀ ਹੀ ਰਹੀ।

ਸਾਧ ਸੰਗਤ ਹਰ ਇਲਾਕੇ ਵਿੱਚੋਂ ਚੱਲ ਕੇ ਆਈ ਸ੍ਰੀ ਸਤਿਗੁਰੂ ਜੀ ਦੇ ਵਿਛੋੜੇ ਦਾ ਚੇਤਾ ਹਰ ਕਿਸੇ ਨੂੰ ਪਰੇਸ਼ਾਨ ਕਰ ਰਿਹਾ ਸੀ। ਭਾਰਤੋਂ ਆਏ ਜਥੇ ਨੇ ਦੋ ਦਿਨਾਂ ਵਿੱਚ ਖਰੀਦਾ ਖਰਾਦੀ ਕਰ ਲਈ ਹੋਈ ਸੀ। ਸਾਧ ਸੰਗਤ ਵਲੋਂ ਮਾਇਆ ਬਸਤਰ ਦੀ ਭੇਟਾ ਖਰੀਦਕਾਰੀ ਵਿੱਚ ਮਦਦਗਾਰ ਸੀ।

**ਸੁਰੰਮ੍ਰਿਤ ਜੀ ਦੇ ਬੰਗਲੇ –** ਏਨੇ ਦਿਨ ਸੁਖੁਮਵਿਟ ਰੋਡ ਦੀ 67 ਨੰ. ਗਲੀ ਦੇ 1515 ਬੰਗਲੇ ਵਿੱਚ ਜਿਸ ਵਿੱਚ ਅਸੀਂ ਸ੍ਰੀ ਸਤਿਗੁਰੂ ਜੀ ਦੇ ਡੇਰੇ ਕਾਰਨ ਅੱਠ ਦਿਨ ਰਹੇ ਸਾਂ, ਦੇ ਮਾਲਕ ਸੇਠ ਸੁਰੰਮ੍ਰਿਤ ਸਿੰਘ, ਉਨ੍ਹਾਂ ਦੀ ਸੁਪਤਨੀ ਬੀਬੀ ਰਜਿੰਦਰਪਾਲ ਕੌਰ ਇੱਕ ਜਵਾ ਮਾਇਆ ਪੰਜ ਪੰਜ ਸੌ, ਦੂਜੀ ਕੁੜਤੇ ਪਜਾਮੇ ਦਾ ਕੱਪੜੇ ਦੇ ਲਫਾਫੇ ਸ੍ਰੀ ਸਤਿਗੁਰੂ ਜੀ ਦੇ ਨਾਲ ਆਏ ਜਥੇ ਨੂੰ ਭੇਟਾ ਕਰਦੇ ਅਸੁਵਿਧਾ ਵਲੋਂ ਖਿਮਾ ਮੰਗਦੇ। ਸੁਰੰਮ੍ਰਿਤ ਜੀ ਦੇ ਭਾਈ ਸੇਠ ਗੁਰਦੀਪ ਸਿੰਘ, ਸੇਠ ਧਰਮ ਸਿੰਘ ਆਪਣੀ ਵੱਡੀ ਭਰਜਾਈ ਨਾਲ ਮਿਲ ਕੇ ਸ੍ਰੀ ਸਤਿਗੁਰੂ ਜੀ ਤੇ ਸੰਗਤ ਦੀ ਸੇਵਾ ਵਿੱਚ ਸਮੇਤ ਆਪਣੇ ਨੌਕਰਾਂ ਚਾਕਰਾਂ ਡਟੇ ਰਹੇ, ਵਿਦਾਕਾਰੀ ਵੀ ਮਾਇਆ ਬਸਤਰਾਂ ਦੀ ਭੇਟਾ ਨਾਲ ਹੋਈ।

ਪਰ ਅੱਜ ਦਾ ਇਹ ਅੰਤਮ ਦਿਨ ਤੇ ਸੁਰੰਮ੍ਰਿਤ ਸਿੰਘ ਜੀ ਦੇ ਚਾਚਾ ਸੇਠ ਤਰਲੋਕ ਸਿੰਘ ਜੀ ਦੇ ਬੰਗਲੇ ਨੂੰ ਭਾਗ ਲਾਇਆ। ਭਾਵੇਂ ਸੇਠ ਜੀ ਪਦਾਰਥਕ ਹਾਲ ਤੋਂ ਕੁਛ ਕਮਜ਼ੋਰ ਹੋ ਗਏ ਹਨ ਪਰ ਉਨ੍ਹਾਂ ਦੀ ਉਦਾਰਤਾ, ਸੇਵਾ, ਸਤਿਕਾਰ ਵਿੱਚ ਕੋਈ ਫਰਕ ਨਹੀਂ ਪਿਆ। ਕੱਲ ਹੀ ਸੇਠ ਜੀ ਨੇ ਵੀ ਸਾਰੇ ਜਥੇ ਨੂੰ ਮਾਇਆ ਅਤੇ ਬਸਤਰਾਂ ਨਾਲ ਮਾਣ ਦਿੱਤਾ ਸੀ।

ਅਨੰਦ ਕਾਰਜ ਸੇਠ ਜੀ ਦੇ ਬੰਗਲੇ – ਵਾਰੇ ਦੇ ਕੀਰਤਨ ਦਾ ਆਪਣਾ ਹੀ ਆਨੰਦ ਹੈ। ਸਿੱਧੀਆਂ ਸਿੱਧੀਆਂ ਧਾਰਨਾਂ ਅਤੇ ਪ੍ਰਮਾਣਾਂ ਦੀ ਛਹਿਬਰ ਨਾਲ ਵਾਤਾਵਰਣ ਸਰਾਸ਼ਾਰ ਰਹਿੰਦਾ ਹੈ।

ਅੱਜ ਫੇਰ ਹਵਨ ਹੋ ਰਿਹਾ ਹੈ। ਸੰਤ ਨਰੈਣ ਸਿੰਘ ਨਰੂਲਾ ਅਤੇ ਸੰਤ ਬਸੰਤ ਸਿੰਘ ਦੀ ਅਗਵਾਈ ਵਿੱਚ ਸਿੰਘ ਕਮਰਕੱਸੇ ਕੀਤੀ 7 ਬਾਣੀਆਂ ਦਾ ਪਾਠ ਕਰ ਰਹੇ ਹਨ। ਅਗਨੀ ਕੁੰਡ ਬੰਗਲੇ ਦੇ ਵਰਾਂਡੇ ਵਿੱਚ ਹੈ। 5 ਵਜੇ ਤੱਕ ਨੌਜਵਾਨ ਅਤੇ ਮੁਟਿਆਰਾਂ ਵਿਆਹ ਲਈ ਨਿਸਚਿਤ ਸਥਾਨ 'ਤੇ ਆ ਬੈਠੇ ਹਨ। ਸਕੇਸ਼ ਇਸ਼ਨਾਨ ਕੀਤੀ ਹੋਏ ਅਤੇ ਸਫੈਦ ਉਜਲੇ ਨਾਮਧਾਰੀ ਪਹਿਰਾਵੇ ਵਿੱਚ। ਇਨ੍ਹਾਂ ਅੱਧੇ ਘੰਟੇ ਵਿੱਚ ਗ੍ਰਸਤ ਮਾਰਗ ਵਿੱਚ ਵਿਚਰਣ ਦੀ ਭਾਈਚਾਰਕ ਪ੍ਰਵਾਨਗੀ ਪ੍ਰਾਪਤ ਕਰ ਲੈਣੀ ਹੈ। ਜੇ ਤਨੋਂ ਮਨੋਂ ਜੁੜ ਗਏ ਤਾਂ ਜ਼ਿੰਦਗੀ ਭਰ ਦਾ ਆਨੰਦ, ਜੇ ਠੀਕ ਤਰ੍ਹਾਂ ਨਾ ਜੁੜੇ ਤਾਂ ਜੀਵਨ ਭਰ ਦੀ ਬੇਸੁਆਦੀ।

6 ਵਜੇ ਸੰਤ ਬਿਅੰਤ ਸਿੰਘ, ਸੇਠ ਤਰਨ ਸਿੰਘ ਵਲੋਂ ਲਾਵਾਂ ਦੇ ਪਾਠ ਨਾਲ ਦੋ ਜੋੜੇ ਹਵਨ ਕੁੰਡ ਦੁਆਲੇ ਗੱਡੀ ਵੇਦੀ ਅੰਦਰ ਪਰਕਰਮਾ ਲੈਣ ਲੱਗੇ। ਚਹੁੰ ਲਾਵਾਂ ਉਪਰੰਤ ਜੋੜੇ ਤਾਂ ਯਥਾ ਸਥਾਨ ਜਾ ਬੈਠੇ। ਅੱਜ ਅਨੰਦਤ ਹੋਏ :

1. ਸ਼੍ਰੀ ਗੁਰਚਰਨ ਸਿੰਘ ਸਪੁੱਤਰ ਸ. ਮੇਹਰ ਸਿੰਘ

ਬੀਬੀ ਬਲਵਿੰਦਰ ਕੌਰ ਸਪੁੱਤਰੀ ਸ. ਜਸਵੰਤ ਸਿੰਘ ਬੰਗਲੌਰ ਵਾਲੇ

2. ਸ਼੍ਰੀ ਸੁਖਦੇਵ ਸਿੰਘ ਸਪੁੱਤਰ ਸ. ਅਵਤਾਰ ਸਿੰਘ ਖਾਣੀਜੋਂ

ਬੀਬੀ ਪਰਮਜੀਤ ਕੌਰ ਸਪੁੱਤਰੀ ਸ. ਅਵਤਾਰ ਸਿੰਘ ਗੋਰੇਵਾੜਾ

ਉਪਰੰਤ ਸ਼੍ਰੀ ਆਦਿ ਗ੍ਰੰਥ ਸਾਹਿਬ ਜੀ ਤੋਂ ਭੋਗਾਂ ਦੇ ਸਲੋਕ ਪੜ੍ਹੇ ਜਾਣ ਲੱਗੇ। ਸ਼੍ਰੀ ਸਾਜਨ, ਸ਼੍ਰੀ ਢਿੱਲੋਂ, ਸ਼੍ਰੀ ਗੁਲਾਟੀ ਆਦਿ ਸਿੰਘਾਂ ਨੇ ਸਲੋਕਾਂ ਵਿੱਚ ਸਹਿਯੋਗ ਦਿੱਤਾ। ਇਹ ਪਾਠ ਆਨੰਦ ਕਾਰਜ ਵਾਲਿਆਂ ਵਲੋਂ ਤੇ ਮੇਲੇ ਦੀ ਸਮਾਪਤੀ ਦੇ ਸਨ। 6.20 ਤੇ ਦੀਵਾਨ ਦੀ ਅਰਦਾਸ ਹੋ ਗਈ।

**ਮਾਈਆਂ ਰੱਬ ਰਜਾਈਆਂ –** ਅਰਦਾਸ ਹੁੰਦਿਆਂ ਸਾਰ ਨਾਮਧਾਰੀ ਸਾਧ ਸੰਗਤ ਬੈਂਕੋਕ ਦਾ ਮਾਣ, ਲਗਭਗ ਦੋ ਦਰਜਨ ਬੀਬੀਆਂ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਹੱਥ ਜੋੜ ਖਲੋ ਗਈਆਂ। ਇਹਨਾਂ ਦੀ ਮੁਖੀ ਇਸ ਵੇਲੇ ਗਿਆਨਣ ਮਹਿੰਦਰ ਕੌਰ ਜਾਪਦੀ ਸੀ, ਉਂਜ ਪ੍ਰਧਾਨ ਸੁਰਜੀਤ ਕੌਰ ਵੀ ਨਾਲ ਸਹਿਯੋਗਣ ਸੀ। ਸ੍ਰੀ ਸਤਿਗੁਰੂ ਜੀ ਦੀ ਭੇਟਾ ਇੱਕ ਇੱਕ ਮਾਲਾ ਕਰਕੇ ਸਨਿਮਰ ਪ੍ਰਾਰਥਨਾ ਕੀਤੀ ਕਿ ਮਾਈਆਂ ਇੱਕ ਮੇਲਾ ਕਰਵਾਣਾ ਚਾਹੁੰਦੀਆਂ ਹਨ, ਸ੍ਰੀ ਸਤਿਗੁਰੂ ਜੀ ਪ੍ਰਵਾਨ ਕਰਨ। ਜਦੋਂ ਆਪਣੇ ਸਕੱਤਰ ਨਾਲ ਸੋਚ ਵਿਚਾਰ ਕਰ ਮੇਲੇ ਦੀ ਪਰਵਾਨਗੀ ਮਿਲੀ ਤਾਂ ਬੀਬੀਆਂ ਵਲੋਂ ਹੀ ਬੋਲੇ ਸੋ ਨਿਹਾਲ ਦਾ ਜੈਕਾਰਾ ਉੱਚਾ ਹੋਇਆ।

ਪਰਵਾਨਗੀ ਤਾਂ ਹੋ ਗਈ ਪਰ ਤਾਰੀਖਾਂ ਫੇਰ, ਭਾਰਤ ਜਾ ਕੇ ਦੱਸੀਆਂ ਜਾਣਗੀਆਂ।

**ਗੁਰੂ ਕਾ ਲੰਗਰ –** ਸਮੁੱਚੀ ਸੰਗਤ ਵਾਸਤੇ ਸੇਠ ਤਰਲੋਕ ਸਿੰਘ ਪਰਵਾਰ ਵਲੋਂ ਗੁਰੂ ਕਾ ਲੰਗਰ ਹਾਜ਼ਰ ਸੀ। ਹਰ ਕਿਸੇ ਨੇ ਇੱਛਾ ਅਨੁਸਾਰ ਛਕਿਆ। 8 ਵਜੇ ਤੱਕ ਸਾਰੇ ਸਿੰਘ ਕਾਰੋਬਾਰ ਨੂੰ ਚਲੇ ਗਏ। ਜਥੇ ਵਾਲੇ ਸਿੰਘ ਦੇਸ਼ ਵਾਪਸੀ ਲਈ ਤਿਆਰੀਆਂ ਕਰਨ ਲੱਗੇ।

ਸਾਧ ਸੰਗਤ ਨੂੰ ਸੂਚਨਾ ਮਿਲ ਗਈ ਕਿ ਅੱਜ ਦੀਵਾਨ ਦੁਪਹਿਰੇ 1 ਵਜੇ ਹੋਵੇਗਾ।

**ਵਿਦਾ ਦੀਵਾਨ –** ਸ਼ਾਮ ਦਾ ਹਵਾਈ ਜਹਾਜ਼ ਫੜਨ ਲਈ ਅੱਜ 4 ਵਜੇ ਚੱਲ ਕੇ ਏਅਰ ਪੋਰਟ ’ਤੇ ਪਹੁੰਚਣਾ ਜ਼ਰੂਰੀ ਹੈ। ਸੋ ਸਵੇਰ ਦੀ ਸੂਚਨਾ ਅਨੁਸਾਰ ਅੱਜ ਸੇਠ ਜੀ ਦੇ ਬੰਗਲੇ ਹੀ 1 ਤੋਂ 2 ਵਜੇ ਤਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਹੋਇਆ। ਭਾਵੇਂ ਅੱਜ ਕੰਮ-ਦਿਹਾੜਾ ਸੀ, ਪਰ ਸ੍ਰੀ ਸਤਿਗੁਰੂ ਜੀ ਦੀ ਵਿਦਾਇਗੀ ਹੋਣ ਕਾਰਨ ਸੰਗਤ ਤਾਂ ਵੀ ਹੁੰਮ ਹੁੰਮਾ ਕੇ ਪੁੱਜੀ।

ਨਾਮ ਸਿਮਰਨ ਦੀ ਅਰਦਾਸ ਉਪਰੰਤ ਸੰਤ ਹਰਬੰਸ ਸਿੰਘ ਘੁੱਲੇ ਦੇ ਸਹਿਯੋਗ ਨਾਲ ਕੀਰਤਨੀ ਜਥਾ ਬੈਂਕੋਕ ਨੇ ‘ਹਉ ਫਿਰਉ ਦੀਵਾਨੀ ਆਵਲ ਬਾਵਲ’ ਸ਼ਬਦ ਬੜੇ ਰੰਗ ਵਿੱਚ ਪੜ੍ਹਿਆ। ਪੁਰਸ਼ ਸੰਗਤ ਤੋਂ ਬੀਬੀਆਂ ਅੱਜ ਕੁਝ ਵਧੇਰੇ ਹੀ ਜਾਪਦੀਆਂ ਹਨ। ਉਹਨਾਂ ਨੂੰ ਸੰਤੁਸ਼ਟਤਾ ਹੈ ਕਿ ਉਨ੍ਹਾਂ ਦਾ ਮੇਲਾ ਪਰਵਾਨ ਹੋ ਜਾਣ ਕਾਰਨ ਦਰਸ਼ਨ ਅਵਸਰ ਛੇਤੀ ਹੀ ਪ੍ਰਾਪਤ ਹੋ ਜਾਵੇਗਾ।

**ਮੁੱਖ ਸੋਜ਼ਸ਼ –** ਦੀਵਾਨ ਦੇ ਸਮੇਂ, ਮੈਨੂੰ ਵੀ ਅੱਜ ਸ੍ਰੀ ਸਤਿਗੁਰੂ ਜੀ ਨੇੜੇ ਮੰਚ ਉੱਤੇ ਬੈਠਣ ਦਾ ਮੌਕਾ ਮਿਲ ਗਿਆ। ਸ੍ਰੀ ਸਤਿਗੁਰੂ ਜੀ ਦੇ ਮੁੱਖ ਦਾ ਸੱਜਾ ਪਾਸਾ ਕੁਛ ਫੁੱਲਿਆ ਫੁੱਲਿਆ ਵੇਖ ਮੈਂ ਪੁੱਛ ਹੀ ਲਿਆ : ਇਹ ਸੋਜ਼ਸ਼ ਕਾਦ੍ਹੀ ਹੈ? ਦੀਨ ਦਿਆਲ ਜੀ ਬਚਨ ਕੀਤਾ : ਦੰਦਾਂ ਵਿੱਚ ਕੁਛ ਖਰਾਬੀ ਆ ਗਈ ਹੈ। ਚਿਹਰੇ ’ਤੇ ਸਵੇਰ ਤੋਂ ਹੀ ਸੋਜ਼ਸ ਹੈ। ਪਰ ਇਹ ਓਨਾ ਕੁ ਹੀ ਸੁਜਿਆ ਹੈ, ਜਿੰਨਾ ਅਕਾਲ ਪੁਰਖ ਦਾ ਹੁਕਮ ਹੈ।

**ਖਿਮਾ ਪ੍ਰਾਰਥਨਾ –** ਸ੍ਰੀ ਸਤਿਗੁਰੂ ਜੀ ਦਾ ਲੰਮਾ ਸਮਾਂ ਸ੍ਰੀ ਭੈਣੀ ਸਾਹਿਬ ਵਿੱਚ ਹੀ ਡੇਰੇ ਡਾਲੀ ਬੈਠੇ ਰਹਿਣਾ, ਬਿਨਾਂ ਕਿਸੇ ਵੱਡੇ ਮੇਲੇ ਦੇ ਕਾਰਨੋਂ, ਸਾਰੀ ਸੰਗਤ ਨੂੰ ਹੀ ਕੌਤੂਹਲ ਵਿੱਚ ਪਾ ਰਿਹਾ ਸੀ ਕਿ ਜਸੋਂ ਸੱਚੇ ਪਾਤਸ਼ਾਹ ਦੌਰੇ ਜ਼ਾਰੀ ਕਰਨ ਅਤੇ ਇਹ ਪਹਿਲਾ ਅਵਸਰ ਸੇਠਣੀ ਮਹਿੰਦਰ ਕੌਰ ਦੇ ਵਰ੍ਹੀਣੇ ਨੇ ਪੈਦਾ ਕਰ ਦਿੱਤਾ ਸੀ। ਇਸ ਲਈ ਮੁੱਖ ਰੂਪ ਵਿੱਚ ਮੇਲੇ ਦੇ ਅਯੋਜਕ ਤਾਂ ਸੇਠ ਤਰਲੋਕ ਸਿੰਘ ਹੀ ਸਨ। ਉਨ੍ਹਾਂ ਮੈਨੂੰ (ਲੇਖਕ ਨੂੰ) ਕਿਹਾ ਕਿ ਮੈਂ ਚੰਦ ਸ਼ਬਦ ਸ੍ਰੀ ਸਤਿਗੁਰੂ ਜੀ, ਨਾਲ ਆਏ ਜਥੇ ਤੇ ਬੈਂਕੋਕ ਦੀ ਸੰਗਤ ਨੂੰ ਉਨ੍ਹਾਂ ਵਲੋਂ ਠੀਕ ਤਰ੍ਹਾਂ ਸੇਵਾ ਨਾ ਹੋ ਸਕਣ ਦੀ ਖਿਮਾ ਪ੍ਰਾਰਥਨਾ ਕਰਾਂ ਅਤੇ ਨਾਲ ਹੀ ਉਪਰੋਕਤ ਤ੍ਰੈਵੇਂ ਧਿਰਾਂ ਦਾ ਧੰਨਵਾਦ ਕਰਾਂ, ਜਿਨ੍ਹਾਂ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਸਤਿਗੁਰ ਬਚਨ –** ਸੁਭਾਵਕ ਸੀ ਸਾਧ ਸੰਗਤ ਵਿਦਾਇਗੀ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ ਅਸ਼ੀਰਵਾਦ ਦੀ ਕਾਮਨਾ ਕਰਦੀ। ਜਿਸ ਵੇਲੇ ਮੈਂ ਕੁਛ ਸ਼ਬਦ ਬੋਲ ਹਟਿਆ ਤਾਂ ਮੇਰੇ ਗੱਲਾਂ ਵਿੱਚ ਸ੍ਰੀ ਸਤਿਗੁਰੂ ਜੀ ਵਲੋਂ ਇੱਕ ਲਿਖਤੀ ਹੁਕਮਨਾਮਾ ਪੁੱਜਾ। ਮੁੱਖ ਮੰਡਲ ਤੇ ਸੋਜ਼ਸ਼ ਹੋਣ ਕਾਰਨ ਸ੍ਰੀ ਸਤਿਗੁਰੂ ਜੀ ਨੇ ਲਿਖਤੀ ਉਪਦੇਸ਼ ਦੇ ਦਿੱਤਾ। ਸ਼ਬਦ ਸਨ : **ਪੜ ਕੇ ਸੁਣਾ ਦੇਣਾ ਜੀ**

**ਤੁਹਾਡੇ (ਅਰਥਾਤ ਪ੍ਰੀਤਮ ਸਿੰਘ ਕਵੀ ਦੇ) ਖਲੋਣ ਦਾ ਉਤ੍ਰ:– ਕਿਰਪਾ ਕਰਕੇ 1–1 ਮਾਲਾ ਭਜਨ 1–1 ਮਾਲਾ ਭਗੌਤੀ ਦੀ ਰੋਜ ਏਸ ਕੰਮ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ ਕਿ ਸੰਗਤ ਵਿਚੋਂ ਈਰਖਾ ਦ੍ਵੈਸ਼ ਨਿਕਲੇ, ਸਤ ਸੰਤੋਖ ਦਇਆ ਧਰਮ ਤੇ ਗੁਰਮਤ ਆਵੇ।**

**ਚਲਦਾ......**

# A Saga Of
# Sri Satguru Jagjit Singh Ji

**Dr. Sharada Jayagovind**

**Empowering Women**

How many Indians know the names of Mai Ind Kaur and Mai Khem Kaur, two Namdhari women patriots, who fearlessly marched down to Malerkotla in 1872 along with Hira Singh and other Kukas, to lay down their lives for protection of cows and freedom of the motherland?

History might have marginalized these brave mothers but can we forget that it is such peasant women who gave birth to great spiritual masters such as SatguruRam Singh ji and Satguru Partap Singh ji? They are the symbols of courage and sacrifice. Their contribution to the preservation and propagation of Namdhari religion has to be gratefully acknowledged.

Over hundred and fifty years ago, on 1st June, 1863, Satguru Ram Singh ji baptized women for the first time into the Namdhari Khalsa, by administering Amrit. Twenty-five Namdhari women, including Satguru Ram Singh ji's mother, Mata Sada Kaur, were among them. This step empowered the Namdhari women and gave them equal rights on par with men for spiritual advancement. The empowered women formed a formidable force and joined hands with the Kuka men during the freedom struggle.

To elevate the social status of women, Satguru Ram Singh ji stopped child marriages and promoted widow remarriages. He banned evil practices such as female foeticide and the killing of the girl child, which were prevalent in Punjab then. These measures empowered the women and paved the way for their participation in the progress of the community.

Satguru Ram Singh ji had said that if a woman is taught the history of the community, she would educate the children, who would grow up with pride in the community's past and culture. A lot of importance was given to educate girls who would be future mothers. Study of the Guru Granth Sahib was a compulsory part of their upbringing.

Satguru Ram Singh ji believed:

"Children will grow up into what the mother is. Everything, whether the child will be a good or bad individual, depends on the mother."

Satguru Partap Singh ji continued the tradition of empowering women. On the request of his wife, Mata Bhupinder Kaur, His Holiness allowed Namdhari women to observe the month-long Jap Paryog.

During Satguru Jagjit Singh ji's time, an increasing number of Namdhari girls took to modern education and started moving out of homes. It became necessary to equip them with the right set of values which would root them to the Namdhari spiritual tradition. Keeping this in mind, Patsha ji

founded the Istree Vidyak Jatha in 1981 encouraging women to participate in the activities of the panth.

Suba Mohinder Kaur, Hoshiarpur was the first President of the Istree Jatha. Bibi Sukhjit Kaur, the present President of Vishav Namdhari Istree Jatha, was one of the early graduates of the community.

One of the important tasks of the Istree Jatha was to teach mothers how to bring up the children the right way so that they would grow up to be good Sikhs. The mothers were asked to follow the maryada strictly so that children would adopt it. In Namdhari tradition, it is the privilege of the mother or a senior woman relative, to give the naam to the newborn. Mothers have to perform naam simran on behalf of the children till they are old enough to perform it on their own.

Amarjit Kaur, the Treasurer of the Vishav Namdhari Istree Jatha, says:

"Every year, during summer vacation, children would be called to Sri Bhaini Sahib so that they could be taught the values of the Namdhari community through several activities."

The aim of the camp was to educate children about the Namdhari way of life. It taught them how to take bath, why to avoid spicy food and how to control anger. They were taught the significance of drinking water from natural sources and why they should avoid food from outside the home. The Istree Jatha holds cooking classes on preparing Namdhari delicacies to make it appealing to the youngsters.

Women and children are taught stitching, so that they can make their own clothes in accordance with Namdhari norms. They also learn the art of making the woollen Namdhari rosary.

The women's jatha encouraged girls to pursue higher studies even after marriage. As a result of the initiative taken by Patsha ji, girls from the Namdhari community are successful professionals. Today, there are pilots, researchers, engineers, doctors and teachers among them. They are adept at balancing home and career. They participate in jap paryogs and attach a lot of importance to naam simran and study of the Gurbani. It is due to Patsha ji's initiative that the girl children and women take part in activities such as Asa di Vaar and public music performances.

Patsha ji took keen interest in the functioning of the women's jatha. He tested the jatha several times to see how well it worked. Once, he appeared at a function organized by the women's jatha fifteen minutes ahead of the scheduled time. The women leaders knew the importance of being ready ahead of time and meeting deadlines. So they were able to present the programme well. Patsha ji was pleased with their efficiency. He said:

"If you are punctual, you will succeed in life."

The inauguration of the annual women's Vidyak Sammelan in 1996-97 was scheduled for eight o'clock in the morning. The previous evening, Patsha ji visited the venue and asked the women organisers:

"Why don't we have the inauguration at three am?"

*To be continued......*

# ਕਾਵਿ-ਕਿਆਰੀ

## ਜਾਂਦਾ ਰਿਹਾ ਇਤਬਾਰ ਇਨਸਾਨ ਦਾ ਏ

**ਕਵੀਸ਼ਰ ਜੀਵਨ ਸਿੰਘ**

ਏਸ ਮਨੋਵਿਗਿਆਨ ਦੇ ਜੁੱਗ ਅੰਦਰ, ਮੁੱਠੀ ਵਿਚ ਜਹਾਨ ਸਭ ਆ ਰਿਹਾ ਏ।
ਸਫ਼ਰ ਸਦੀਆਂ ਦਾ ਚੱਕਰ ਸੰਸਾਰ ਦਾ ਜੋ, ਘੜੀਆਂ ਪਲਾਂ ਵਿਚ ਬੰਦਾ ਲਗਾ ਰਿਹਾ ਏ।
ਟੈਲੀਫੋਨ ਤਾਰਾਂ ਗੱਲਾਂ ਦੂਰ ਦੀਆਂ, ਘਰੀਂ ਰੇਡੀਓ ਬੋਲ ਸੁਣਾ ਰਿਹਾ ਏ।
ਸਾਇੰਸਦਾਨ ਅੱਜ ਸਿਖ਼ਰ 'ਤੇ ਪੁਜ ਗਿਆ, ਚੰਨ ਤਾਰਿਆਂ ਦਾ ਭੇਦ ਪਾ ਰਿਹਾ ਏ।
ਐਟਮ ਸ਼ਕਤੀਆਂ ਦੇ ਤੇਜ਼ ਵੇਗ ਅੰਦਰ, ਰੁੜਿਆ ਸੁਖ ਸਵਾਦ ਜਹਾਨ ਦਾ ਏ।
ਹਿਰਦੇ ਪਾਕ ਪਵਿੱਤਰ ਮਲੀਨ ਹੋ ਗਏ, ਜਾਂਦਾ ਰਿਹਾ ਇਤਬਾਰ ਇਨਸਾਨ ਦਾ ਏ।

ਏਸ ਤੇਜ਼ ਜ਼ਮਾਨੇ ਦੀ ਹਵਾ ਅੰਦਰ, ਬਦ-ਅਮਨੀ, ਅਸ਼ਾਂਤੀ ਦੇ ਸ਼ੋਰ ਵਧ ਗਏ।
ਭ੍ਰਿਸ਼ਟਾਚਾਰ ਵਧਿਆ ਲੋਕ ਰਾਜ ਅੰਦਰ, ਬੇਈਮਾਨ ਹਾਕਮ ਰਿਸ਼ਵਤਖੋਰ ਵਧ ਗਏ।
ਦਿਨ-ਦਿਨ ਅੰਨ ਸੰਕਟ ਵਧਦਾ ਜਾ ਰਿਹਾ ਏ, ਬੇ-ਰੁਜ਼ਗਾਰ ਮਜ਼ਦੂਰ ਕਮਜ਼ੋਰ ਵਧ ਗਏ।
ਸਦਾਚਾਰ, ਅਚਾਰ, ਵਿਹਾਰ ਬਦਲੇ, ਉਤੋਂ ਸਾਧ ਵਧ ਗਏ, ਵਿਚੋਂ ਚੋਰ ਵਧ ਗਏ।
ਬਗਲੇ ਭਗਤ ਰਖਦੇ ਬਗਲਾਂ ਵਿਚ ਛੁਰੀਆਂ, ਭੈ ਉਡਿਆ ਦਿਲੋਂ ਭਗਵਾਨ ਦਾ ਏ।
ਬੁਰਕੇ ਧਰਮ ਦੇ ਪਾ ਆਦਮਖੋਰ ਬੈਠੇ, ਜਾਂਦਾ ਰਿਹਾ ਇਤਬਾਰ ਇਨਸਾਨ ਦਾ ਏ।

ਖ਼ੁਦਗਰਜੀ ਦੀ ਕੱਲਰੀ ਪਈ ਢਿੱਡੀਂ, ਝੁਲਸੀ ਗਈ ਫੁਲਵਾੜੀ ਪਿਆਰ ਦੀ ਏ।
ਜਿਹਨਾਂ ਦਿਲਾਂ 'ਚੋਂ ਹੈ ਸੀ ਖੁਸ਼ਬੂ ਔਣੀ, ਉਹਨਾ ਵਿਚੋਂ ਸੜਾਂਦ ਪਈ ਮਾਰਦੀ ਏ।
ਨਵੀਆਂ ਜੋਕਾਂ ਨੇ ਪੀ ਲਿਆ ਖ਼ੂਨ ਸਾਡਾ, ਜੰਤਾ ਮਾਰ ਦੁਹੱਥੜ ਪੁਕਾਰਦੀ ਏ।
ਵਰਦੀ ਜਿਨ੍ਹਾਂ ਦੀ ਅਮਨ ਦੇ ਦੇਵਤੇ ਦੀ, ਕਲਮ ਉਨ੍ਹਾਂ ਦੀ ਧਾਰ ਤਲਵਾਰ ਦੀ ਏ।
ਜੀਹਨੂੰ ਸਮਝ ਚੰਗਾ ਅੱਗੇ ਕਰੀਦਾ ਏ, ਰੂਪ ਧਾਰ ਲੈਂਦਾ ਓਹ ਹੈਵਾਨ ਦਾ ਏ।
ਅੱਜ ਹੋਰ ਤੇ ਕੱਲ ਨੂੰ ਹੋਰ ਦਿਸਦਾ, ਜਾਂਦਾ ਰਿਹਾ ਇਤਬਾਰ ਇਨਸਾਨ ਦਾ ਏ।

ਖੋਟੀ ਹੋਵੇ ਮਲਾਹਾਂ ਦੀ ਨੀਤ ਜਿਥੇ, ਓਸ ਬੇੜੀ ਨੇ ਪਾਰ ਕੀ ਲੱਗਣਾ ਏ।
ਓਸ ਦੇਸ਼ ਵਿਚ ਅਮਨ ਦੀ ਆਸ ਕੀ ਏ, ਜਿਥੇ ਫੁੱਟ ਦਿਆਂ ਝਖੜਾਂ ਵੱਗਣਾ ਏ।
ਜਿਸ ਦੇਸ ਨੂੰ ਰਾਖੇ ਹੀ ਖਾਣ ਲੱਗ ਪਏ, ਕਾਹਦੇ ਆਸਰੇ ਓਸਨੇ ਤੱਗਣਾ ਏ।
ਮਿਤ੍ਰ, ਸਾਕ, ਸੰਦੇਹੀ ਕੀ ਗੁਰੂ ਚੇਲਾ, ਇਕ ਦੂਜੇ ਨੂੰ ਚਾਂਹਵਦਾ ਠੱਗਣਾ ਏ।
ਕੱਢ ਲਏ ਇਸ ਨਾਗਾਂ ਦੀ ਵਾੜ ਵਿਚੋਂ, ਧਾਰੇ ਰੂਪ ਕੋਈ ਭਗਵਾਨ ਦਾ ਏ।
ਜੀਵਨ ਯਾਤਰਾ ਔਝੜ ਵਿਚ ਫਸੀ ਹੋਈ ਏ, ਜਾਂਦਾ ਰਿਹਾ ਇਤਬਾਰ ਇਨਸਾਨ ਦਾ ਏ।

# ਸੁੱਚੇ ਮੋਤੀ

ਬੜੇ ਗ਼ੁਲਾਮ ਅਲੀ ਖਾਂ ਸੰਗੀਤ-ਕਲਾ ਦੇ ਸਿਖਰ 'ਤੇ ਪੁੱਜ ਚੁੱਕਾ ਸੀ ਤੇ ਲੋਕ ਉਸ ਨੂੰ ਮਹਿਫ਼ਲਾਂ ਵਿੱਚ ਗਾਉਂਦਿਆਂ ਸੁਣ ਕੇ ਮੰਤਰ-ਮੁਗਧ ਹੋ ਜਾਂਦੇ ਸਨ।

ਇੱਕ ਵਾਰ ਪਟਨਾ ਦੇ ਇੱਕ ਸੰਗੀਤ ਵਿਦਿਆਲੇ ਨੇ ਉਸ ਨੂੰ ਸੱਦਿਆ ਤਾਂ ਜੋ ਵਿਦਿਆਰਥੀ ਉਸ ਨੂੰ ਸੁਣਨ ਅਤੇ ਹੋਰ ਬਹੁਤ ਕੁਝ ਜਾਨਣ ਸਿੱਖਣ ਦਾ ਸੁਭਾਗ ਪ੍ਰਾਪਤ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਦਾ ਆਮ ਨਾਲੋਂ ਕਾਫ਼ੀ ਉੱਚਾ ਪੱਧਰ ਸੀ।

ਬੜੇ ਗ਼ੁਲਾਮ ਅਲੀ ਖਾਂ ਨੇ ਵਿਦਿਆਰਥੀਆਂ ਨਾਲ ਰਸਮੀ ਗੱਲਾਂ ਦੇ ਦੌਰਾਨ ਪੁੱਛਿਆ ਕਿ ਉਨ੍ਹਾਂ ਨੇ ਕੀ ਕੁਝ ਸਿੱਖਿਆ ਹੈ। ਇੱਕ ਵਿਦਿਆਰਥੀ ਨੇ ਬੜੇ ਮਾਣ ਨਾਲ ਕਿਹਾ ਕਿ ਉਹ ਸੱਠਾਂ ਰਾਗਾਂ ਵਿੱਚ ਪ੍ਰਬੀਨ ਹੋ ਚੁੱਕਾ ਹੈ। ਤਦ ਦੂਜੇ ਵਿਦਿਆਰਥੀ ਨੇ ਉਸ ਤੋਂ ਵੀ ਵੱਧ ਚੜ੍ਹ ਕੇ ਆਪਣੀ ਯੋਗਤਾ ਬਾਰੇ ਦੱਸਿਆ। ਫੇਰ ਤਾਂ ਕੁਝ ਹੋਰਨਾਂ ਵਿਦਿਆਰਥੀਆਂ ਨੇ ਵੀ ਉਸ ਅੰਦਾਜ਼ ਵਿੱਚ ਆਪਣੇ ਬਾਰੇ ਦੱਸਿਆ।

ਬੜੇ ਗ਼ੁਲਾਮ ਅਲੀ ਖਾਂ ਚੁੱਪ ਕੀਤਾ ਸੁਣਦਾ ਰਿਹਾ। ਉਸ ਨੂੰ ਹੈਰਾਨੀ ਸੀ ਕਿ ਏਨਾ ਕੁਝ ਸਿੱਖਣ ਤੇ ਵੀ ਉਨ੍ਹਾਂ ਵਿੱਚ ਹਉਮੈ ਕਿਉਂ ਹੈ। ਸੰਗੀਤ ਤਾਂ ਕਲਾਕਾਰ ਵਿੱਚ ਨਿਰਮਾਣਤਾ ਪੈਦਾ ਕਰਦੀ ਹੈ। ਤੇ ਵਿਦਿਆਰਥੀ ਸਨ ਕਿ ਉਸ ਦੇ ਸਾਹਮਣੇ ਆਪਣਾ ਵਖਾਵਾ ਕਰ ਰਹੇ ਸਨ।

ਕੁਝ ਚਿਰ ਚੁੱਪ ਰਹਿਣ ਪਿੱਛੋਂ ਬੜੇ ਗੁਲਾਮ ਅਲੀ ਖਾਂ ਨੇ ਆਪਣੇ ਸਾਜ਼ਿੰਦਿਆਂ ਨੂੰ ਸਾਜ ਬੰਨ੍ਹਣ ਤੇ ਵਾਪਸ ਚੱਲਣ ਲਈ ਕਿਹਾ। ਪ੍ਰਬੰਧਕਾਂ ਨੂੰ ਹੈਰਾਨੀ ਹੋਈ। ਪੁੱਛਣ ਤੇ ਬੜੇ ਗ਼ੁਲਾਮ ਅਲੀ ਖਾਨ ਨੇ ਕਿਹਾ, "ਲਗਦਾ ਹੈ ਕਿ ਇੱਥੇ ਸਾਰੇ ਹੀ ਬੜੇ ਪਹੁੰਚੇ ਹੋਏ ਸੰਗੀਤਕਾਰ ਹਨ। ਇਨ੍ਹਾਂ ਨੇ ਸਿੱਖਣਾ ਕੀ ਏ? ਸਭ ਤੋਂ ਪਹਿਲਾਂ ਦਾ ਨਿਰਮਾਣਤਾ ਸਿੱਖਣ ਦੀ ਲੋੜ ਏ।" ਪ੍ਰਬੰਧਕਾਂ ਵੱਲੋਂ ਮੁਆਫ਼ੀ ਮੰਗਣ ਅਤੇ ਮਿੰਨਤਾਂ ਕਰਨ 'ਤੇ ਬੜੇ ਗੁਲਾਮ ਅਲੀ ਖਾਂ ਰੁਕਿਆ ਨਹੀਂ।

........................................................................................................

ਆਦਮੀ ਕਿਸੇ ਵਹਿੰਦੀ ਹੋਈ ਨਦੀ ਵਿਚ ਤਾਂ ਅਹਿੱਲ ਬਣ ਕੇ ਖੜੋ ਸਕਦਾ ਹੈ, ਪਰ ਆਦਮੀਆਂ ਨਾਲ ਭਰੀ ਦੁਨੀਆਂ ਵਿੱਚ ਨਹੀਂ।

**ਜਾਪਾਨੀ ਕਹਾਵਤ**

ਆਦਮੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ : ਉਸ ਦਾ ਆਪਣਾ ਅੱਥਰਾ ਸੁਭਾਅ ਤੇ ਉਸ ਦੇ ਅੰਦਰ ਕੈਦ ਹੋਈਆਂ ਅੰਨ੍ਹੀਆਂ ਸ਼ਕਤੀਆਂ।

**ਅਰਨੈਸਟ ਜੋਨਸ**

ਸਾਨੂੰ ਰੱਬ ਤੇ ਮਨੁੱਖ 'ਚੋਂ ਇਕ ਦੀ ਚੋਣ ਕਰਨੀ ਪਵੇਗੀ, ਤੇ ਸਾਰੇ ਇਨਕਲਾਬੀਆਂ ਤੇ ਅਗਾਂਹਵਧੂ ਲੋਕਾਂ ਨੇ ਆਦਮੀ ਨੂੰ ਚੁਣਿਆ ਹੈ।

**ਜਾਰਜ ਔਰਵੈਲ**

ਤੀਵੀਂ ਭਵਿੱਖ ਬਾਰੇ ਤਦ ਤਕ ਚਿੰਤਾ ਕਰਦੀ ਰਹਿੰਦੀ ਹੈ, ਜਦ ਤਕ ਉਸ ਨੂੰ ਪਤੀ ਨਹੀਂ ਮਿਲ ਜਾਂਦਾ। ਮਰਦ ਭਵਿੱਖ ਬਾਰੇ ਤਦ ਤਕ ਚਿੰਤਾ ਨਹੀਂ ਕਰਦਾ, ਜਦ ਤਕ ਉਸ ਨੂੰ ਪਤਨੀ ਨਹੀਂ ਮਿਲ ਜਾਂਦੀ।

**(ਆਰਸੀ ਤੇ ਸੁਖਬੀਰ ਵਿੱਚੋਂ)**

# ਖ਼ਬਰਨਾਮਾ

## ਲੁਧਿਆਣਾ ਦੌਰਾ



**22 ਜੂਨ 2021** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਤੇ ਸਮਾਰਕ ਦੀ ਉਸਾਰੀ ਦੇ ਹੋ ਰਹੇ ਕੰਮਾਂ ਦਾ ਜਾਇਜ਼ਾ ਵੀ ਲਿਆ। ਉਪਰੰਤ ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਮਿਊਂਸੀਪਲ ਪਾਰਕ ਵਿਚ ਚਰਨ ਪਾਏ ਤੇ ਫੇਰ ਭੁਪਿੰਦਰ ਸਿੰਘ ਨੂੰ ਗਿੱਲ ਨਹਿਰ 'ਤੇ ਉਹਨਾਂ ਦੇ ਘਰ ਜਾ ਦਰਸ਼ਨ ਦਿੱਤੇ। ਸੰਤ ਜੀ ਜੋ ਕਿ ਪਿਛਲੇ ਕਈ ਮਹੀਨਿਆਂ ਤੋਂ ਬੀਮਾਰ ਹਨ। ਮੰਜੇ 'ਤੇ ਹੀ ਹਨ ਉਹਨਾਂ ਦੇ ਪੁਤਰ ਨੇ ਅਰਜ ਕੀਤੀ- "ਜੀ ਚੂਲੇ ਤੇ ਕਈ ਵਾਰ ਸੱਟ ਲੱਗੀ ਹੈ।" ਸਿਖ ਆਪਣੇ ਸਤਿਗੁਰੂ ਨੂੰ ਵੇਖ ਵੈਰਾਗੀ ਹੋ ਗਿਆ ਮੰਜੇ 'ਤੇ ਪਿਆ ਨੂੰ ਚਰਨ ਛੁਹਾ ਹਜ਼ੂਰ ਨੇ ਨਿਵਾਜਿਆ ਤੇ ਮੈਨੂੰ (ਸੁਖਵਿੰਦਰ ਸਿੰਘ) ਹੁਕਮ ਹੋਇਆ ਕਿ ਸੰਤਾਂ ਨੂੰ ਆਪਣੇ ਹਸਪਤਾਲ ਡਾਕਟਰ ਭਾਟੀਆ ਨੂੰ ਦਿਖਾਓ ਤੇ ਇਲਾਜ ਕਰਵਾਓ।



ਉਪਰੰਤ ਸਤਿਗੁਰੂ ਜੀ ਸੁਰਿੰਦਰ ਸਿੰਘ ਤੇ ਵਰਿੰਦਰ ਸਿੰਘ ਦੇ ਗ੍ਰਹਿ ਵਿਖੇ ਦਸ਼ਮੇਸ਼ ਨਗਰ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ। ਇਹ ਸਾਰੇ ਪਰਿਵਾਰ ਸਵਰਗੀ ਸੰਤ ਟਹਿਲ ਸਿੰਘ ਹੋਰਾਂ ਦੇ ਸਨ ਜੋ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾ ਸਨ। ਪਰਿਵਾਰਾਂ ਨੇ ਬਖਸ਼ਿਸ਼ ਮੰਗੀ ਤੇ ਸਤਿਗੁਰੂ ਜੀ ਨੇ ਕੰਮਾਕਾਰਾਂ ਤੇ ਹੋਰ ਪਰਿਵਾਰ ਦੀ ਸੁਖ ਸਾਂਦ ਪੁੱਛ, ਸਭ ਨੂੰ ਤਕੜੇ ਹੋਕੇ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ। ਏਥੇ ਹੀ ਕਾਕਾ ਸੰਤਾ ਸਿੰਘ ਸਪੁੱਤਰ ਡਾਕਟਰ ਸਵਰਨ ਸਿੰਘ ਨੇ ਆਣ ਨਮਸਕਾਰ ਕੀਤੀ। ਇਹ ਲੜਕਾ ਬੀ.ਡੀ.ਐਸ. ਕਰ ਰਿਹਾ ਹੈ ਤੇ ਵਧੀਆ ਵੇਟ ਲਿਫਟਿੰਗ ਦਾ ਖਿਡਾਰੀ ਹੈ। ਸਤਿਗੁਰੂ ਜੀ ਇਸਨੂੰ ਖੁਸ਼ੀਆਂ ਬਖਸ਼ੀਆਂ ਤੇ ਸ਼ਾਬਾਸ਼ ਦਿੱਤੀ।

ਵਾਪਿਸੀ ਵੇਲੇ ਐਮ.ਐਲ.ਏ. ਸੰਜੇ ਤਲਵਾੜ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਐਮ.ਐਲ.ਏ. ਸੰਜੇ ਤਲਵਾੜ ਦੀ ਧਰਮ ਪਤਨੀ ਜੋ ਕੁਝ ਮਹੀਨੇ ਪਹਿਲੋਂ ਚੜ੍ਹਾਈ ਕਰ ਗਏ ਸਨ, ਉਹਨਾਂ ਸਬੰਧੀ ਗੱਲਬਾਤ ਹੋਈ। ਤਲਵਾੜ ਦੇ ਪਿਤਾ, ਮਾਤਾ, ਭਰਾ, ਭਰਜਾਈ ਉਹਨਾ ਦੇ ਬੱਚੇ ਸਾਰੇ ਪਰਿਵਾਰ ਨੇ ਹਜ਼ੂਰ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਬਚਨ ਕੀਤਾ ਕਿ ਭਾਣਾ ਵੀ ਅਕਾਲ ਪੁਰਖ ਦੀ ਕਿਰਪਾ ਤੋਂ ਬਿਨਾਂ ਨਹੀਂ ਮੰਨਿਆ ਜਾ ਸਕਦਾ। ਉਹਨਾਂ ਦਾ ਏਨਾ ਹੀ ਸਾਥ ਸੀ, ਤੁਹਾਡੇ ਨਾਲ। ਤਕੜੇ ਹੋਵੋ ਤੇ ਲੋਕਾਂ ਦੀ ਸੇਵਾ ਕਰੋ। ਉਪਰੰਤ ਆਪ ਜੀ ਸ੍ਰੀ ਭੈਣੀ ਸਾਹਿਬ ਪ੍ਰਸਥਾਨ ਕੀਤਾ।

**ਸੁਖਵਿੰਦਰ ਸਿੰਘ ਲਾਇਲ**

## ਸੰਤ ਸੁਲੱਖਣ ਸਿੰਘ ਜੀ ਨਹੀਂ ਰਹੇ



ਸੰਤ ਸੁਲੱਖਣ ਸਿੰਘ ਜੀ 'ਪੰਨਵਾ ਵਾਲੇ' ਪਿਛਲੀ ਦਿਨੀਂ **28 ਅਪ੍ਰੈਲ 2021** ਨੂੰ ਅਕਾਲ ਚਲਾਣਾ ਕਰ ਗਏ। ਇਹ ਪਰਿਵਾਰ ਸ਼ਹੀਦਾਂ ਵਾਲਾ ਪਰਿਵਾਰ ਦੇ ਨਾਮ ਨਾਲ ਨਾਮਧਾਰੀ ਪੰਥ ਅੰਦਰ ਪ੍ਰਸਿੱਧ ਹੈ। ਇਹ ਪਰਿਵਾਰ ਅੰਮ੍ਰਿਤਸਰ ਸ਼ਹੀਦੀ ਸਾਕੇ 'ਚ ਫਾਂਸੀ ਲੱਗਣ ਵਾਲੇ ਚਾਰ ਸਿੰਘਾਂ 'ਚੋਂ ਇਕ ਬਾਬਾ ਲਹਿਣਾ ਸਿੰਘ ਜੀ ਦਾ ਪਰਿਵਾਰ ਹੈ। ਸੰਤ ਸੁਲੱਖਣ ਸਿੰਘ ਜੀ, ਸ਼ਹੀਦ ਬਾਬਾ ਲਹਿਣਾ ਸਿੰਘ ਜੀ ਦੇ ਭਰਾ ਬਾਬਾ ਗੁੱਜਰ ਸਿੰਘ ਦੇ ਪੋਤਰੇ ਸੰਤ ਮਾਨ ਸਿੰਘ ਦੇ ਵੱਡੇ ਸਪੁੱਤਰ ਸਨ। ਸੰਤ ਜੀ ਦਾ ਜਨਮ 8 ਅਗਸਤ 1947 ਨੂੰ ਪਿੰਡ ਪੰਨਵ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਹੋਇਆ। ਵੰਡ ਤੋਂ ਬਾਅਦ ਦਿੱਲੀ ਆਏ। 8 ਸਾਲ ਦੀ ਉਮਰ 'ਚ ਪਿਤਾ ਮਾਨ ਸਿੰਘ ਚੜ੍ਹਾਈ ਕਰ ਗਏ। ਬੱਚਿਆਂ 'ਚ ਸਭ ਤੋਂ ਵੱਡੇ ਹੋਣ ਕਰ ਕੇ ਸਾਰੇ ਘਰ ਦੀ ਜ਼ਿੰਮੇਵਾਰੀ ਸਿਰ ’ਤੇ ਆਣ ਪਈ। ਪੜ੍ਹਾਈ ਕਰਕੇ ਨੌਕਰੀ ਕੀਤੀ, ਫਿਰ ਰਾਜਗਿਰੀ ਠੇਕੇਦਾਰੀ ਦਾ ਕੰਮ ਸ਼ੁਰੂ ਕੀਤਾ। ਆਪਣੇ ਤੋਂ ਛੋਟੀਆਂ ਚਾਰ ਭੈਣਾਂ ਤੇ ਇੱਕ ਭਰਾ ਦੀ ਵਿਆਹ ਤੱਕ ਦੀ ਜ਼ਿੰਮੇਵਾਰੀ ਨਿਭਾਈ।

ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਰੋਜ਼ ਸਵੇਰੇ ਅੰਮ੍ਰਿਤ ਵੇਲੇ ਉੱਠ ਨਿਤਨੇਮ ਜ਼ਰੂਰ ਕਰਦੇ। ਸ਼ਾਮ ਦਾ ਨਿਤਨੇਮ ਵੀ ਪੱਕਾ ਸੀ, ਜੋ ਆਖਿਰੀ ਸਮੇਂ ਤੱਕ ਨਿਭਾਇਆ। ਕਥਾ ਕੀਰਤਨ ਤੇ ਖ਼ਾਸ ਕਰਕੇ ਹੱਲੇ ਦੇ ਦੀਵਾਨਾਂ ਦੇ ਆਸ਼ਕ ਸਨ। ਜਦੋਂ ਵੀ ਕੋਈ ਪ੍ਰਚਾਰਕ ਦਿੱਲੀ ਆਉਂਦਾ ਤਾਂ ਜ਼ਰੂਰ ਦੀਵਾਨ ਲਗਵਾ ਮੇਲਾ ਵੀ ਕਰਵਾਉਂਦੇ। ਬਾਣੀਆਂ ਦਾ ਪਾਠ ਵੀ ਰੋਜ਼ਾਨਾ ਕਰਦੇ ਸਨ। 2003 ਤੋਂ ਹੁਣ ਤੱਕ ਲਗਾਤਾਰ ਹਰ ਸਾਲ ‘ਸ਼ਹੀਦ ਬਾਬਾ ਲਹਿਣਾ ਸਿੰਘ ਯਾਦਗਰੀ ਸਨਮਾਨ’ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹਸਤ ਕਮਲਾਂ ਰਾਹੀਂ ਕਿਸੇ ਵੀ ਪੰਥਕ ਸੇਵਾਦਾਰ ਨੂੰ ਦੇਂਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਜਦੋਂ ਪਰਿਵਾਰਕ ਤੇ ਪੰਥਕ ਵੱਡੇ-ਵੱਡੇ ਥੰਮ੍ਹ ਡੋਲ ਗਏ ਸਨ ਪਰ ਸੰਤ ਸੁਲੱਖਣ ਸਿੰਘ ਜੀ ਅਡੋਲ ਰਹੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪ੍ਰਤੀ ਸ਼ਰਧਾ ਪਿਆਰ ਤੇ ਸਤਿਕਾਰ 'ਚ ਰੰਚਕ ਮਾਤਰ ਵੀ ਘਾਟ ਨਹੀਂ ਆਈ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਦਿੱਲੀ ਦੀ ਸੰਗਤ ਨੂੰ ਵੀ ਘਾਟ ਮਹਿਸੂਸ ਹੁੰਦੀ ਹੈ। ਸੰਤ ਜੀ ਆਪਣੇ ਪਿੱਛੇ ਚਾਰ ਲੜਕੀਆਂ ਤੇ ਦੋ ਲੜਕੇ ਸੇਵਾ ਸਿੰਘ ਤੇ ਮੱਖਣ ਸਿੰਘ ਛੱਡ ਗਏ ਹਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ 'ਚ **2 ਮਈ 2021** ਨੂੰ ਬੰਗਲੌਰ ਵਿਖੇ ਹੋਈ।

**ਜਥੇ. ਨਿਸ਼ਾਨ ਸਿੰਘ ਦਿੱਲੀ**

.........................................................

## ਸੰਤ ਸੁਰਜੀਤ ਸਿੰਘ ਗੁਰਪੁਰੀ ਪਧਾਰ ਗਏ



ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਦਰ ਘਰ ਦੇ ਪ੍ਰੀਤਵਾਨ ਸੇਵਕ ਸੰਤ ਸੁਰਜੀਤ ਸਿੰਘ ਜੀ **8-6-2021** ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 6-9-1960 ਨੂੰ ਪਿਤਾ ਸ. ਵਰਿਆਮ ਸਿੰਘ ਦੇ ਘਰ ਸਿਰਸਾ ਹਰਿਆਣਾ ਹੋਇਆ ਸੀ। ਅੱਜ ਕੱਲ੍ਹ ਪਸ਼ਚਿਮ ਵਿਹਾਰ ਦਿੱਲੀ ਵਿਖੇ ਰਿਹਾਇਸ਼ ਸੀ। ਜੀਵਨ ਸਾਥਣ ਵਜੋਂ ਪਤਨੀ ਸੁਰਿੰਦਰ ਕੌਰ ਤੇ ਸੰਤਾਨ ਵਜੋਂ ਇਕ ਲੜਕਾ ਹਰਪ੍ਰੀਤ ਸਿੰਘ ਤੇ ਦੋ ਸਪੁੱਤਰੀਆਂ ਕਮਲਪ੍ਰੀਤ ਕੌਰ ਤੇ ਦਿਲਪ੍ਰੀਤ ਕੌਰ ਦਾ ਹਰਿਆ ਭਰਿਆ ਪਰਿਵਾਰ ਹੈ। ਸੁਭਾਅ ਪੱਖੋਂ ਮਿਲਾਪੜੇ, ਮਿੱਠ-ਬੋਲੜੇ, ਛੋਟੇ-ਵੱਡੇ ਦਾ ਸਤਿਕਾਰ ਕਰਨ ਵਾਲੇ ਗੁਣਾਂ ਦੇ ਧਾਰਨੀ ਸਨ। ਅੰਮ੍ਰਿਤ ਵੇਲੇ ਦਾ ਭਜਨ, ਬਾਣੀਆਂ ਦਾ ਪਾਠ ਉਨ੍ਹਾਂ ਦਾ ਨਿਤਨੇਮ ਸੀ।

ਸ੍ਰੀ ਭੈਣੀ ਸਾਹਿਬ ਜਾਂ ਦਿੱਲੀ ਹੋਣ ਵਾਲੇ ਹਰ ਸਮਾਗਮ 'ਚ ਸ਼ਿਰਕਤ ਕਰਦੇ ਸਨ। ਹਰ ਮੇਲੇ ਲਈ ਉਗਰਾਹੀ ਵੀ ਵਧ ਚੜ੍ਹ ਕੇ ਦੇਂਦੇ ਸਨ। ਕਿੱਤੇ ਵਜੋਂ ਰੋਡ ਰੋਲਰ ਬਣਾਉਣ ਦਾ ਕੰਮ ਕਰਦੇ ਸਨ। ਆਪਣੇ ਕਈ ਪਰਿਵਾਰਕ ਰਿਸ਼ਤੇਦਾਰਾਂ ਨੂੰ ਵੀ

ਉਨ੍ਹਾਂ ਨੇ ਇਹ ਕੰਮ ਸਿਖਾ ਕੇ ਸਮਰੱਥ ਬਣਾਇਆ। ਅਕਾਲੀ ਦਲ ਸਰਨਾ ਪਾਰਟੀ 'ਚ ਸੀਨੀਅਰ ਮੀਤ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੀ ਨਮਿਤ ਅੰਤਿਮ ਅਰਦਾਸ 17-6-2021 ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਹੋਈ। ਮਹੰਤ ਪ੍ਰੀਤਮ ਸਿੰਘ ਜੀ ਨੇ ਕਥਾ ਰਾਹੀਂ ਸੰਸਾਰ ਨਾਸ਼ਮਾਨਤਾ ਦੀ ਵਿਆਖਿਆ ਕੀਤੀ। ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਪਰਿਵਾਰ ਤੇ ਨਾਮਧਾਰੀ ਸਮਾਜ ਵੱਡੀ ਘਾਟ ਮਹਿਸੂਸ ਕਰ ਰਿਹਾ ਹੈ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਮਹੰਤ ਗੁਰਦੇਵ ਸਿੰਘ ਚੜ੍ਹਾਈ ਕਰ ਗਏ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਦੇ ਪਾਤਰ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰਤੀਤਵਾਨ ਗੁਰਸਿਖ ਮਹੰਤ ਗੁਰਦੇਵ ਸਿੰਘ **18 ਅਪ੍ਰੈਲ** ਨੂੰ



ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਅੰਤਿਮ ਸੰਸਕਾਰ ਸ੍ਰੀ ਭੈਣੀ ਸਾਹਿਬ ਹੀ ਕੀਤਾ ਗਿਆ। ਇਹਨਾਂ ਦਾ ਪਿਛੋਕੜ ਪਿੰਡ ਅਮਰੋਹਾ (ਯੂ.ਪੀ) ਸੀ। ਪਿਤਾ ਸੰਤ ਕਰਤਾਰ ਸਿੰਘ ਜੀ ਅਣਥੱਕ ਸੇਵਾਦਾਰ ਸਨ। ਇਹਨਾਂ ਨੇ ਵੀ ਲੰਮਾ ਸਮਾਂ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਲਾਂਗਰੀ ਦੀ ਸੇਵਾ ਨਿਭਾਈ।ਇਹਨਾਂ ਨੂੰ ਸਾਰੇ 'ਬਾਪੂ ਜੀ' ਕਹਿੰਦੇ ਸਨ। ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਅਨੁਸਾਰ ਮਹੰਤ ਗੁਰਦੇਵ ਸਿੰਘ ਜੀ ਚੜ੍ਹਦੀ ਜਵਾਨੀ ਦੇ ਸ਼ੁਰੂਆਤੀ ਦੌਰ ਵਿਚ ਥਾਈਲੈਂਡ ਵਿਖੇ ਚਲਦੀ ਨਿਰੰਤਰ ਭਜਨ ਦੀ ਵਰਨੀ ਦੇ ਮੁੱਖ ਸੇਵਾਦਾਰ ਵਜੋਂ ਅਣਥੱਕ ਸੇਵਾ ਕੀਤੀ। ਫਿਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ (ਦਿੱਲੀ) ਦੇ ਮਹੰਤ ਨਿਯੁਕਤ ਕੀਤੇ ਗਏ। ਮਹੰਤ ਜੀ ਨੇ ਲਗਪਗ 20 ਸਾਲ ਤੋਂ ਵੱਧ ਸਮਾਂ ਇਹ ਸੇਵਾ ਨਿਭਾਈ। ਆਪ ਜੀ ਗੁਰਬਾਣੀ ਦੇ ਸੁਰੀਲੇ ਪਾਠੀ ਸਨ ਤੇ ਸੰਗੀਤ ਦਾ ਵੀ ਗੁਰ ਸਿੱਖਿਆ ਸੀ। ਹਰ ਕਿਸੇ ਨੂੰ ਹੱਸ ਕੇ ਖਿੜੇ ਮੱਥੇ ਮਿਲਦੇ ਸਨ। ਪਰਿਵਾਰ ਵਜੋਂ ਸੁਪਤਨੀ ਬੀਬੀ ਮਨਜੀਤ ਕੌਰ ਤੇ ਤਿਨ ਸਪੁੱਤਰ ਗੁਰਚਰਨ ਸਿੰਘ, ਰਾਜਨ ਸਿੰਘ ਤੇ ਸਾਜਨ ਸਿੰਘ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਦੋ ਭਰਾ ਸਾਜਨ ਸਿੰਘ (ਗਾਇਨ) ਤੇ ਗੁਰਚਰਨ ਸਿੰਘ 'ਚੰਨੀ' (ਤਬਲਾ), ਦੀ ਜੋੜੀ ਵਿਸ਼ਵ ਵਿਖਿਆਤ ਨਾਮਧਾਰੀ ਰਾਗੀ ਸਿੰਘਾਂ ਦੀ ਜੋੜੀ ਵਜੋਂ ਪ੍ਰਸਿੱਧ ਹਨ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਰਾਗੀ ਸਾਜਨ ਸਿੰਘ ਅੱਜ ਕੱਲ ਵੱਖ-ਵੱਖ ਇਲਾਕਿਆਂ ਵਿਚ ਬੱਚਿਆਂ ਨੂੰ ਸੰਗੀਤ ਦੀ ਤਲੀਮ ਦੇ ਰਹੇ ਹਨ।

ਮਹੰਤ ਗੁਰਦੇਵ ਸਿੰਘ ਨਮਿਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ 8 ਮਈ 2021 ਨੂੰ ਬੈਂਗਲੋਰ ਵਿਖੇ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਸੰਤ ਪ੍ਰੀਤਮ ਸਿੰਘ ਨਹੀਂ ਰਹੇ

ਸੰਤ ਪ੍ਰੀਤਮ ਸਿੰਘ ਲਗਭਗ 81 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ 'ਚ ਜਾ



ਬਿਰਾਜੇ। ਆਪ ਜੀ ਦਾ ਜਨਮ 30 ਜੂਨ 1940 'ਚ ਪਿਤਾ ਸੰਤ ਹਰਨਾਮ ਸਿੰਘ ਤੇ ਮਾਤਾ ਲਛਮਣ ਕੌਰ ਦੇ ਘਰ ਪਿੰਡ ਸਮਰਾਏ ਨੇੜੇ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) 'ਚ ਹੋਇਆ। **16 ਮਈ 2021** ਨੂੰ ਸਰੀਰ ਤਿਆਗਿਆ। 23 ਮਈ 2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ 'ਚ ਅੰਤਿਮ ਅਰਦਾਸ ਹੋਈ।

ਪਰਿਵਾਰਕ ਜੀਵਨ 'ਚ ਬੀਬੀ ਸੰਪੂਰਨ ਕੌਰ ਨਾਲ ਸ਼ਾਦੀ ਹੋਈ। ਸੰਤਾਨ ਵਜੋਂ ਇਕ ਸਪੁੱਤਰ ਤੇ ਦੋ ਸਪੁੱਤਰੀਆਂ ਹਨ। ਆਪ ਨੇ ਸਾਰੀ ਜ਼ਿੰਦਗੀ ਸਰਕਾਰੀ ਨੌਕਰੀ ਕੀਤੀ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਸ੍ਰੀ ਭੈਣੀ ਸਾਹਿਬ ਵਿਖੇ ਹਾਕੀ ਦੀ ਐਸਟਰੋਟਰਫ ਦਾ ਉਦਘਾਟਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ **24 ਜੂਨ 2021** ਨੂੰ ਸ਼ਾਮੀਂ 5 ਵਜੇ ਨਵੀਂ ਹਾਕੀ ਐਸਟਰੋਟਰਫ ਦਾ ਉਦਘਾਟਨ ਕੀਤਾ ਗਿਆ। ਕਿਸੇ ਪਿੰਡ ਵਿੱਚ ਹਾਕੀ ਦੀ ਐਸਟਰੋਟਰਫ ਲੱਗਣ ਵਾਲਾ ਭਾਰਤ ਦਾ ਸਭ ਤੋਂ ਪਹਿਲਾ ਪਿੰਡ ਹੈ, ਸ੍ਰੀ ਭੈਣੀ ਸਾਹਿਬ। ਪਹਿਲਾਂ 2005 ਈ. ਨੂੰ ਐਸਟਰੋਟਰਫ ਸਥਾਪਤ ਹੋਈ ਸੀ। ਉਹ ਐਸਟਰੋਟਰਫ ਖ਼ਰਾਬ ਹੋ ਜਾਣ ਕਰਕੇ ਨਵੀਂ ਐਸਟਰੋਟਰਫ਼ ਲਾਈ ਗਈ ਹੈ। ਪਹਿਲੀ ਸਥਾਪਤ ਹੋਈ ਐਸਟਰੋਟਰਫ 100×6 ਮੀਟਰ ਵਾਲੇ ਗਰਾਊਂਡ ਵਿੱਚ ਸੀ, ਜਿਸ ਵਿੱਚ 11 ਖਿਡਾਰੀ ਖੇਡਦੇ ਸਨ। ਪਰ ਹੁਣ ਇਹ 60×30 ਮੀਟਰ ਵਾਲੀ 7 ਸਾਈਡ ਐਸਟਰੋਟਰਫ ਸਥਾਪਤ ਕੀਤੀ ਹੈ। ਇਸ ਦੇ ਉਦਘਾਟਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ (ਮੁੱਖ ਮੰਤਰੀ ਪੰਜਾਬ) ਦੇ ਰਾਜਨੀਤਕ ਸਲਾਹਕਾਰ ਮੇਜਰ ਅਮਰਦੀਪ ਸਿੰਘ ਪੁੱਜੇ। ਜਿਨ੍ਹਾਂ ਨੇ ਰੀਬਨ ਕੱਟਣ ਦੀ ਰਸਮ ਪੂਰੀ ਕੀਤੀ। ਉਸ ਮੌਕੇ ਸ. ਹਰਦੀਪ ਸਿੰਘ ਨੀਟਾ (ਓਲੰਪੀਅਨ), ਦਮਨਜੀਤ ਸਿੰਘ ਮੋਹੀ (O.S.D. ਮੁੱਖ ਮੰਤਰੀ ਪੰਜਾਬ), ਦੀਪਿੰਦਰ ਚਾਹਲ (ਐਟਲੇ) ਆਦਿ ਸ਼ਾਮਿਲ ਸਨ।

ਅੱਜ ਕੱਲ੍ਹ ਸ੍ਰੀ ਭੈਣੀ ਸਾਹਿਬ ਦੇ ਸਟੇਡੀਅਮ ਦੀ ਨੁਹਾਰ ਬਦਲੀ ਜਾ ਰਹੀ ਹੈ। ਪਹਿਲਾਂ ਇਸ ਸਟੇਡੀਅਮ ਵਿੱਚ ਹਾਕੀ ਦੀ ਐਸਟਰੋਟਰਫ ਵਾਲਾ ਗਰਾਊਂਡ ਬਿਲਕੁਲ ਵਿਚਕਾਰ ਸਥਿਤ ਸੀ। ਜਿਸ ਦੇ ਦੁਆਲੇ 400 ਮੀਟਰ ਦਾ ਐਥਲੈਟਿਕ ਖਿਡਾਰੀਆਂ ਲਈ ਵਧੀਆ ਟਰੈਕ ਸੀ। ਇਕ ਪਾਸੇ ਬੈਡਮਿੰਟਨ ਦਾ ਇਨਡੋਰ ਸਟੇਡੀਅਮ ਸੀ। ਹੁਣ ਮੌਜੂਦਾ ਹਾਕੀ ਦੀ ਟੀਮ ਸੰਤ ਨਗਰ ਤੇ ਜੀਵਨ ਨਗਰ ਜ਼ਿਲ੍ਹਾ ਸਿਰਸਾ ਦੇ ਪਿੰਡਾਂ ਵਿਚਕਾਰ ਸਥਿਤ ਸਟੇਡੀਅਮ ਵਿੱਚ ਪ੍ਰੈਕਟਿਸ ਕਰਦੀ ਹੈ। ਉੱਥੇ ਸ. ਹਰਵਿੰਦਰ ਸਿੰਘ ਹਾਕੀ ਦੀ ਕੋਚਿੰਗ ਦੇ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿਖੇ ਤਕਰੀਬਨ ਪਿਛਲੇ 3 ਸਾਲਾਂ ਤੋਂ ਫੁਟਬਾਲ ਅਕੈਡਮੀ ਸ਼ੁਰੂ ਕੀਤੀ ਹੈ। ਪਿਛਲੇ ਤਕਰੀਬਨ ਇੱਕ ਸਾਲ ਤੋਂ ਸ੍ਰੀ ਭੈਣੀ ਸਾਹਿਬ ਵਿਚਲੇ ਸਟੇਡੀਅਮ ਦੀ ਨੁਹਾਰ ਬਦਲੀ ਜਾ ਰਹੀ ਹੈ। ਇਹ ਸਟੇਡੀਅਮ ਹੁਣ ਮੁੱਖ ਰੂਪ ਵਿੱਚ ਫੁੱਟਬਾਲ ਦੇ ਖਿਡਾਰੀਆਂ ਲਈ ਤਿਆਰ ਕੀਤਾ ਜਾ ਰਿਹਾ ਹੈ। ਦੋ ਫੁੱਟਬਾਲ ਦੇ ਵੱਡੇ ਗਰਾਊਂਡ ਤਿਆਰ ਹੋ ਰਹੇ ਹਨ, ਜਿਨ੍ਹਾਂ ਵਿਚੋਂ ਇਕ ਲਗਭਗ ਤਿਆਰ ਹੋ ਗਿਆ ਹੈ। ਇਕ ਹੋਰ ਗਰਾਊਂਡ ਇਨਡੋਰ ਐਸਟਰੋਟਰਫ ਵਾਲਾ ਤਿਆਰ ਹੋ ਰਿਹਾ ਹੈ। ਇਸ ਦੇ ਬਿਲਕੁਲ ਨਾਲ ਹਾਕੀ ਐਸਟਰੋਟਰਫ ਵਾਲਾ 60×30 ਮੀਟਰ ਦਾ ਗਰਾਊਂਡ ਤਿਆਰ ਹੋ ਚੁੱਕਾ ਹੈ।

ਸ੍ਰੀ ਭੈਣੀ ਸਾਹਿਬ ਵਿਚਲੇ ਸਪੋਰਟਸ ਸੰਬੰਧੀ ਹਰ ਕੰਮ ਦੇ ਪ੍ਰਬੰਧਕ ਸ. ਗੁਰਚਰਨ ਸਿੰਘ ਗੋਹਲੀ, ਸ਼ੇਰ ਸਿੰਘ ਹਾਕੀ ਖਿਡਾਰੀ ਹਨ। ਜੋ ਬਹੁਤ ਮਿਹਨਤ ਤੇ ਲਗਨ ਨਾਲ ਇਸ ਕੰਮ-ਕਾਰ ਨੂੰ ਦੇਖ ਰਹੇ ਹਨ।

**ਗੁਰਦੇਵ ਸਿੰਘ ਚੀਮਾ**

........................................................................

## ਘਰਿ ਆਇਆ ਪਿਰੁ ਮੇਰਾ

**24 ਜੂਨ 2021:** ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖਾਂ ਸੇਵਕਾਂ ਸਹਿਤ ਆਪਣੇ ਸੇਵਕ ਸੁਖਵਿੰਦਰ ਸਿੰਘ ਲਾਇਲ ਦੇ ਨਵੇਂ ਬਣੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ। ਸ਼ਾਮ ਕਰੀਬ 7 ਵਜੇ ਸ੍ਰੀ ਹਜ਼ੂਰ ਸ੍ਰੀ ਭੈਣੀ ਸਾਹਿਬ ਤੋਂ ਉਚੇਚਿਆਂ ਲੁਧਿਆਣਾ ਸਥਿਤ ਫਰੈਂਡਜ਼ ਕਲੋਨੀ ਵਿਖੇ ਪਧਾਰੇ। ਸੁਖਵਿੰਦਰ ਸਿੰਘ ਦੇ ਪੁੱਤਰ ਸਰਨ ਸਿੰਘ ਨੇ ਰਾਗ ਯਮਨ ਕਲਿਆਣ ਵਿੱਚ ਪੰਚਮ ਪਾਤਿਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਸ਼ਬਦ- "ਸੰਤ ਜਨਾ ਮਿਲਿ ਬੋਲਹੁ ਰਾਮ॥ ਸਭ ਤੇ ਨਿਰਮਲ ਪੂਰਨ ਕਾਮ॥" ਗਾਇਨ ਕੀਤਾ। ਜਿਸ ਨਾਲ ਤਬਲੇ ਤੇ ਸਾਥ ਸੰਦੀਪ ਸਿੰਘ ਲਾਇਲ ਨੇ ਦਿੱਤਾ। ਦੋਵਾਂ ਚਾਚੇ ਭਤੀਜੇ ਨੂੰ ਸਤਿਗੁਰੂ ਜੀ ਬੜੀਆਂ ਖੁਸ਼ੀਆਂ ਬਖਸ਼ੀਆਂ। ਉਪਰੰਤ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਨੇ ਸਤਿਗੁਰੂ ਚਰਨਾਂ ਦੀ ਮਹਿਮਾ ਵਿੱਚ ਰਾਗ ਯਮਨ ਦੀ ਇੱਕ ਬੰਦਿਸ਼ ਜਿਸ ਦੇ ਬੋਲ ਸਨ- 'ਜਾਉ ਗੁਰੂ ਚਰਨਨ ਪਹਿ ਵਾਰੀ॥ ਮਹਿਮਾ ਜਾਕੀ ਕੁਨ ਬਖਾਨੈ, ਸਗਲ ਜਗਤ ਸਿਉ ਨਾਰੀ' ਗਾਇਨ ਕੀਤੀ। ਸੱਚੇ ਪਾਤਸ਼ਾਹ ਜੀ ਘਰ ਦੇ ਛੋਟੇ ਬੱਚਿਆਂ ਤੋਂ ਢੋਲਕੀ ਨਾਲ ਧਾਰਨਾ ਦੇ ਸ਼ਬਦ ਵੀ ਸੁਣੇ। ਉਹਨਾਂ ਨੂੰ ਪਿਆਰ ਕੀਤਾ, ਨਿੱਕੇ ਨਿੱਕੇ ਬਚਨਾਂ ਨਾਲ ਉਹਨਾ ਨੂੰ ਸ਼ਾਬਾਸ਼ੀ ਬਖਸ਼ੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ ਭਰੇ ਬਚਨ ਤੇ ਸਾਖੀਆਂ ਸਤਿਗੁਰੂ ਜੀ ਆਪ ਵੀ ਸੁਣਾਏ ਤੇ ਸਿੱਖਾਂ ਪਾਸੋਂ ਵੀ ਸੁਣਦੇ ਰਹੇ। ਸੁਖਵਿੰਦਰ ਸਿੰਘ ਦੇ ਪਿਤਾ ਸੰਤ ਅਵਤਾਰ ਸਿੰਘ ਤੇ ਮਾਤਾ ਕੁਲਵੰਤ ਕੌਰ ਹੋਰਾਂ ਦੋਵੇਂ ਹੱਥ ਜੋੜ ਸੱਚੇ ਪਾਤਿਸ਼ਾਹ ਜੀ ਪਾਸੋਂ ਘਰ ਵਿੱਚ ਸਿੱਖੀ-ਸੇਵਕੀ ਬਖਸ਼ਣ ਦੀ ਅਰਜ਼ ਗੁਜ਼ਾਰੀ। ਸੱਚੇ ਪਾਤਸ਼ਾਹ ਬਚਨ ਕੀਤਾ- ਬਹੁਤ ਸੋਹਣੀ ਮੰਗ ਕੀਤੀ ਹੈ। ਕਰੀਬ ਢਾਈ ਘੰਟੇ ਸਤਿਗੁਰੂ ਜੀ ਨੇ ਪਰਿਵਾਰ ਨੂੰ ਨਿਵਾਜਿਆ, ਮੇਲਾ ਬਣਾ ਦਿੱਤਾ। ਜਲ ਪਾਣ ਛਕਣ ਉਪਰੰਤ ਹਜ਼ੂਰ ਖੁਸ਼ੀਆਂ ਖੇੜੇ ਵੰਡਦੇ ਹੋਏ ਸ੍ਰੀ ਭੈਣੀ ਸਾਹਿਬ ਨੂੰ ਪ੍ਰਸਥਾਨ ਕੀਤਾ।

**ਸੰਤੋਖ ਸਿੰਘ ਲੱਡੀ**

........................................................................

## ਸਤਿਗੁਰੂ ਜੀ ਨੇ ਵਿਦਿਅਕ ਜਥੇ ਦੇ ਅਹੁਦੇਦਾਰ ਸੰਤ ਸੁਖਵਿੰਦਰ ਸਿੰਘ ਲਾਇਲ ਦੇ ਗ੍ਰਹਿ ਵਿਖੇ (ਫਰੈਂਡਜ਼ ਕਲੋਨੀ, ਲੁਧਿਆਣਾ) ਚਰਨ ਪਾਉਣ ਦੀ ਕਿਰਪਾ ਕੀਤੀ



ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਰਨ ਸਿੰਘ ਸਪੁੱਤਰ ਸੁਖਵਿੰਦਰ ਸਿੰਘ ਲਾਇਲ ਗਾਇਨ ਕਰਦਾ ਹੋਇਆ



Date of Publication: 6 July 2021,
Date of Posting: 7-8 July 2021

RNI NO.55658/93

SPS HOSPITALS
A UNIT OF SJS HEALTHCARE LTD.

*Rishta zindagi se*




24X7 EMERGENCY & PHARMACY

LUDHIANA - 82 83 83 83 92 SIRSA - 75 04 61 23 45

SATGURU PARTAP SINGH HOSPITALS

Sherpur Chowk, G.T. Road, Ludhiana-141003 +91 161 6617111/222/333/444/555

SPS HOSPITAL : Near Sagwan Chowk, Dabwali Road, Sirsa 01666-223215, 88720 27303

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.